
ੴ ਸਤਿਗੁਰ ਪ੍ਰਸਾਦਿ ॥

ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

# ਭਾਈ ਘਨੱਈਆ ਸੇਵਾ ਜੋਤੀ

ਮਾਰਚ 2007



ਹੋਲੇ-ਮਹੱਲੇ ਦੇ ਸ਼ੁੱਭ ਅਵਸਰ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ
ਇੱਕ ਨਿਹੰਗ ਸਿੰਘ ਕਿਰਪਾਨ ਨਾਲ ਗੱਤਕਾ ਖੇਡ ਰਿਹਾ ਹੈ ।

੧ੴ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

# ਗੋਨਿਆਣਾ ਭਾਈ ਜਗਤਾ ਵਿਖੇ

## ਸੇਵਾ ਪੰਥੀ ਮਹਾਂਪੁਰਖਾਂ ਦੀਆਂ ਸਾਲਾਨਾ ਬਰਸੀਆਂ

ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਹੇਠ ਲਿਖੇ ਅਨੁਸਾਰ ਮਨਾਈਆਂ ਜਾ ਰਹੀਆਂ ਹਨ



ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਸੁਹੇਲ ਸਿੰਘ 'ਸੇਵਾ ਪੰਥੀ' ਦੀ

## 58ਵੀਂ ਸਾਲਾਨਾ ਬਰਸੀ

ਮਿਤੀ 17 ਤੋਂ 19 ਅਪ੍ਰੈਲ 2007

ਮੁਤਾਬਿਕ 4 ਤੋਂ 6 ਵੈਸਾਖ 2064

ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ

ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ



ਸੱਚ-ਖੰਡ ਵਾਸੀ

ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ 'ਸੇਵਾ ਪੰਥੀ' ਦੀ

## 57ਵੀਂ ਸਾਲਾਨਾ ਬਰਸੀ

ਅਤੇ



ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਦੀ

## ਚੌਥੀ ਯਾਦ ਦੋਵੇਂ ਇੱਕ ਸਾਥ

ਮਿਤੀ 19 ਤੋਂ 21 ਅਪ੍ਰੈਲ 2007

ਮੁਤਾਬਿਕ 6 ਤੋਂ 8 ਵੈਸਾਖ 2064

ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ ਵਿਖੇ

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ


ਸਾਲ : 23ਵਾਂ ਅੰਕ : ਤੀਜਾ ਮਾਰਚ 2007 ਕੀਮਤ : ਅਮੁੱਲ



ਮੁੱਖ ਸਰਪ੍ਰਸਤ : **ਮਹੰਤ ਤੀਰਥ ਸਿੰਘ 'ਸੇਵਾ ਪੰਥੀ'**, ਫ਼ੋਨ 0164-2262012, ਮੋਬਾ: 98140-32957

ਸਰਪ੍ਰਸਤ : **(ਸੇਵਾਦਾਰ) ਸੰਤ ਰਣਜੀਤ ਸਿੰਘ 'ਸੇਵਾ ਪੰਥੀ'**, ਗੋਨਿਆਣਾ ਮੰਡੀ
ਫ਼ੋਨ : 2262276, ਮੋਬਾ: 98140-35191
**ਸੰਤ ਕਾਹਨ ਸਿੰਘ 'ਸੇਵਾ ਪੰਥੀ'** ਗੋਨਿਆਣਾ ਮੰਡੀ ਫ਼ੋਨ : 2263333
ਮੋਬਾ: 98140-04503, **ਸੰਤ ਹਰਪਾਲ ਸਿੰਘ 'ਸੇਵਾ ਪੰਥੀ'** ਗੋਨਿਆਣਾ ਮੰਡੀ ।
**ਸ੍ਰ: ਤ੍ਰਿਲੋਚਣ ਸਿੰਘ 'ਸੇਠੀ'**, ਮੁੰਬਈ ।

ਮੁੱਖ ਸਲਾਹਕਾਰ : **ਸੰਤ ਜਗਜੀਤ ਸਿੰਘ 'ਭਾਈਆ'** ਮੋਬਾ:98140-90142
**ਸ੍ਰ:ਹਰਵਿੰਦਰ ਸਿੰਘ 'ਟੀਟੂ'**, ਹਰੀ ਨਗਰ, ਦਿੱਲੀ ਮੋਬਾ:98100-89645
**ਸ੍ਰ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ**
**ਸ੍ਰ: ਸੁਰਜਨ ਸਿੰਘ ਘੁਲਿਆਣੀ** ਮੋਬਾ: 98552-06378
**ਸ਼੍ਰੀਮਤੀ ਭੁਪਿੰਦਰ ਕੌਰ** ਪਤਨੀ **ਸ੍ਰ: ਜੀ.ਐਸ. ਬਜਾਜ ਦਿੱਲੀ,**
**ਸ੍ਰ: ਜਸਪਾਲ ਸਿੰਘ**, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ ।

ਸੰਪਾਦਕੀ ਬੋਰਡ ਫਾਊਡਰ ਇੰਟਰਨੈਟ ਐਡੀਟਰ : **ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'**
ਮੁੱਖ ਸੰਪਾਦਕ : **ਚਮਨ ਸਿੰਘ 'ਚਮਨ' ਫ਼ੋਨ: 2262152,M.98140-75504**
ਇੰਚਾਰਜ ਜਨਰਲ ਦਫਤਰ : **ਮੈਡਮ ਸਤੀਸ਼ ਸ਼ਾਹਣੀ ਫ਼ੋਨ : 98884-00061,2262051,**
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ',ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਚੇਤਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਓਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਸੱਦਾ ਪੱਤਰ (ਯੱਗ-ਸਮਾਗਮ) | ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' | 5 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਸੰਤ ਕਾਹਨ ਸਿੰਘ ਜੀ) | ਮੈਨੇਜਰ ਇੰਦਰਜੀਤ ਸਿੰਘ ਖੁਰਾਨਾ | 6 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ ਖੁਰਾਨਾ | 8 |
| ਕਥਾ ਸੁਖਮਨੀ ਸਾਹਿਬ | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 9 |
| ਗਉੜੀ ਬਾਵਨ ਅੱਖਰੀ ਮਹਲਾ-੫ | ਸੰਤ ਕਾਹਨ ਸਿੰਘ ਜੀ 'ਸੇਵਾ ਪੰਥੀ' | 11 |
| ਅਨਮੋਲ ਬਚਨ | ਮੈਡਮ ਸਤੀਸ਼ ਸ਼ਾਹਣੀ | 13 |
| ਭਾਈ ਘਨੱਈਆ ਦਸਤਾਰ ਸਿਖਲਾਈ ਸੈਂਟਰ | ਕਰਨੈਲ ਸਿੰਘ ਐਮ.ਏ. | 14 |
| ਹੋਲੀ ਅਤੇ ਹੋਲਾ-ਮਹੱਲਾ | ਗਿ. ਰਵੀ ਸਿੰਘ ਮਿਸ਼ਨਰੀ | 17 |
| ਗੁਰਸਿੱਖੀ ਅਤੇ ਬਾਬਾ ਸਾਹਿਬ ਸਿੰਘ ਜੀ ਬੇਦੀ | ਪ੍ਰੋ. ਬਲਵਿੰਦਰ ਪਾਲ ਸਿੰਘ | 22 |
| ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲੇ | ਡਾ. ਖੇਮ ਸਿੰਘ (Ex. V.C.) | 27 |
| ਮੂਲ-ਮੰਤਰ ਦੀ ਬਖ਼ਸ਼ਿਸ਼ | ਡਾ. ਅਨੋਖ ਸਿੰਘ | 32 |
| ਬਾਬਾਣੀਆਂ ਕਹਾਣੀਆਂ (ਹਿੰਦੀ) | ਸਾਗਰ ਕੋਟਕਪੂਰਾ | 36 |
| ਰਿਪੋਰਟ ਜਨਮ ਦਿਨ ਮਹੰਤ ਤੀਰਥ ਸਿੰਘ ਜੀ | ਕਰਨੈਲ ਸਿੰਘ ਐਮ.ਏ. | 38 |
| ਵਰ-ਘਰ | ਸਿਲਵੰਤ ਕੌਰ | 39 |
| ਮਹੰਤ ਤੀਰਥ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਸਿੱਖਿਆ ਤੇ ਸੇਵਾ ਸੰਸਥਾਵਾਂ | | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਚੇਤਿ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ੨ ॥

| | | | | |
|---|---|---|---|---|
| ਸੰਮਤ ਬਿਕ੍ਰਮੀ | 2063-2064 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੂਰਨਮਾਸ਼ੀ | 3 ਮਾਰਚ |
| ਸੰਮਤ ਨਾਨਕਸ਼ਾਹੀ | 538-539 | | ਸੰਗ੍ਰਾਂਦ | 14 ਮਾਰਚ |
| ਸੰਮਤ ਖ਼ਾਲਸਾ | 308 | | ਮੱਸਿਆ | 19 ਮਾਰਚ |
| ਸੰਮਤ ਸਾਕਾ | 1928-1929 | ਮਾਰਚ 2007 | ਪੰਚਮੀ | 23 ਮਾਰਚ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ਗੁਰਿਆਈ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 17 ਮਾਰਚ | 14 ਮਾਰਚ |
| ★ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ | 19 ਮਾਰਚ | ............ |
| ★ਜੋਤੀ-ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 22 ਮਾਰਚ | ............ |
| ★ਜੋਤੀ-ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 23 ਮਾਰਚ | 19 ਮਾਰਚ |
| ★ਗੁਰਿਆਈ ਸ੍ਰੀ ਗੁਰੂ ਤੇਗ਼ ਬਹਾਦਰ ਜੀ | 31 ਮਾਰਚ | ............ |
| ★ਜੋਤੀ-ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | 31 ਮਾਰਚ | ............ |
| ★ਹੋਲੀ (ਹੋਲਿਕਾ ਦਹਿਨ) | 3 ਮਾਰਚ | ............ |
| ★ਹੋਲਾ-ਮਹੱਲਾ ਸ੍ਰੀ ਆਨੰਦਪੁਰ ਸਾਹਿਬ | 4 ਮਾਰਚ | 4 ਮਾਰਚ |
| ★ਮੇਲਾ ਡੇਰਾ ਬਾਬਾ ਨਾਨਕ | 5 ਮਾਰਚ | ............ |
| ★ਰਾਸ਼ਟਰੀ ਮਹਿਲਾ ਦਿਵਸ | 8 ਮਾਰਚ | ............ |
| ★ਜਨਮ-ਦਿਨ ਸੰਤ ਅਤਰ ਸਿੰਘ ਜੀ ਮਸਤੂਆਣਾ | 15 ਤੋਂ 17 ਮਾਰਚ | ............ |
| ★ਸ਼ਹੀਦੀ ਮੇਲਾ ਸ੍ਰ: ਭਗਤ ਸਿੰਘ ਜੀ ਪਿੰਡ ਹੁਸੈਨੀਵਾਲਾ | 23 ਮਾਰਚ | ............ |
| ★ਸ਼ਹੀਦੀ ਭਾਈ ਸੁਬੇਗ ਸਿੰਘ ਜੀ, ਭਾਈ ਸ਼ਹਿਬਾਜ ਸਿੰਘ | ............ | 25 ਮਾਰਚ |
| ★ਜੋੜ-ਮੇਲਾ ਬਾਬਾ ਸਾਹਿਬ ਸਿੰਘ ਬੇਦੀ (ਊਨਾਂ) | 26 ਤੋਂ 28 ਮਾਰਚ | ............ |
| ★ਸ੍ਰੀ ਰਾਮ ਨੌਮੀ | 27 ਮਾਰਚ | ............ |
| ★ਸ੍ਰੀ ਮਹਾਂਵੀਰ ਜਯੰਤੀ (ਜੈਨ) | 31 ਮਾਰਚ | ............ |

ਸੰਪਾਦਕੀ

# ਖ਼ਾਲਸਾ ਰਾਜ ਦੇ ਸਿਰਜਕ
# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾਂ ਸਾਹਿਬ

ਬਾਬਾ ਜਗਤਾ ਜੀ ਨੂੰ ਬ੍ਰਹਮ-ਗਿਆਨੀ ਵਜੋਂ ਉਜਾਗਰ ਕਰਨ ਵਾਲੇ ਅਤੇ ਸਿੱਖ ਰਾਜ ਅਰਥਾਤ ਖ਼ਾਲਸਾ ਰਾਜ ਦੀ ਸਿਰਜਣਾ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜਗੱਦੀ ਦਾ ਤਿਲਕ ਕਰਕੇ ਸ਼ੇਰੇ ਪੰਜਾਬ ਦਾ ਖ਼ਿਤਾਬ ਦੇਣ ਵਾਲੇ ਬਾਬਾ ਸਾਹਿਬ ਸਿੰਘ ਜੀ ਬੇਦੀ ਸਾਹਿਬ ਹੋਏ ਹਨ। ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ (1756-1834 ਈ.) ਖ਼ਾਲਸਾ ਪੰਥ ਦੀ ਇੱਕ ਆਦਰਯੋਗ ਸ਼ਖ਼ਸੀਅਤ ਹੋਏ ਹਨ। ਉਹ ਜਿੱਥੇ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼-ਵੰਸ਼ ਨਾਲ ਸੰਬੰਧਿਤ ਹੋਣ ਕਰਕੇ ਖ਼ਾਲਸਾ ਪੰਥ ਵਿੱਚ ਆਪਣਾ ਆਦਰਯੋਗ ਸਥਾਨ ਰੱਖਦੇ ਹਨ, ਉੱਥੇ ਅਧਿਆਤਮਿਕ ਖੇਤਰ ਵਿੱਚ ਅਲੌਕਿਕ ਕਮਾਈ ਕਰਕੇ ਗੁਰਸਿੱਖ ਵਜੋਂ ਆਪ ਦੀ ਹੋਂਦ ਸਥਾਪਿਤ ਕਰਦੇ ਹਨ। ਭਾਵੇਂ ਉਨ੍ਹਾਂ ਨੂੰ ਅਧਿਆਤਮਿਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਅਤੇ ਭਾਵੇਂ ਸੂਰਮਗਤੀ ਤੇ ਸ਼ਹਿਨਸ਼ਾਹ ਦੇ ਨਜ਼ਰੀਏ ਤੋਂ, ਉਨ੍ਹਾਂ ਦੇ ਵਿਅਕਤਿਤਵ ਦਾ ਸੰਪੂਰਨ ਅਤੇ ਸਮੁੱਚਾ ਰੂਪ ਅਲੌਕਿਕ ਨਾਇਕ ਵਾਲਾ ਹੀ ਬਣਦਾ ਹੈ। ਉਨ੍ਹਾਂ ਦੀ ਪੌਸ਼ਾਕ ਸ਼ਸਤਰਾਂ ਵਸਤਰਾਂ ਵਾਲੀ, ਸੁਭਾਅ ਸ਼ੌਕ ਤੇ ਸਿਦਕ ਨਿਰਭੈ ਯੋਧਿਆਂ ਵਾਲਾ, ਵਾਤਾਵਰਣ, ਵਿਚਰਣ ਦਾ ਢੰਗ ਤੇ ਸਹਿਜ ਗਿਆਨ ਅਦੁੱਤੀ ਵਿਦਵਾਨਾਂ ਵਾਲਾ ਸੀ। ਆਤਮ ਵਿਸ਼ਵਾਸ ਤਾਂ ਉਨ੍ਹਾਂ ਨੂੰ ਆਪਣੇ ਮਾਤਾ ਪਿਤਾ ਵੱਲੋਂ ਕੀਤੀ ਪਾਲਣਾ ਤੇ ਉਪਦੇਸ਼ਾਂ ਦੇ ਫ਼ਲ ਵਜੋਂ ਪ੍ਰਾਪਤ ਹੋ ਗਿਆ ਸੀ ਤੇ ਦ੍ਰਿੜ ਸਾਹਸ ਤਾਂ ਉਨ੍ਹਾਂ ਨੇ ਆਪਣੀਆਂ ਬਚਪਨ ਦੀਆਂ ਖੇਡਾਂ ਤੇ ਸ਼ਿਕਾਰ ਦੇ ਸ਼ੌਕ ਵਿੱਚੋਂ ਗ੍ਰਹਿਣ ਕਰ ਲਿਆ ਸੀ।

ਬਾਬਾ ਜੀ ਦੇ ਜਨਮ ਤੋਂ ਪਹਿਲਾਂ ਭਾਰਤ ਦੀ ਹਾਲਤ ਬੜੀ ਚਿੰਤਾਜਨਕ ਸੀ। ਇਸ ਸਮੇਂ ਕਈ ਅਫ਼ਗਾਨ ਧਾੜਵੀ ਜਿਵੇਂ ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ ਸਮੇਂ-ਸਮੇਂ ਭਾਰਤ ਉੱਤੇ ਹਮਲਾ ਕਰਦੇ ਰਹਿੰਦੇ ਸਨ। ਭਾਵੇਂ ਖ਼ਾਲਸਾ ਪੰਥ ਦੀਆਂ ਮਿਸਲਾਂ ਗੁਰੀਲਾ ਨੀਤੀ ਨਾਲ ਇਨ੍ਹਾਂ ਧਾੜਵੀਆਂ ਨਾਲ ਟੱਕਰ ਲੈਂਦੀਆਂ ਸਨ, ਪਰ ਇਕਸੁਰਤਾ ਤੇ ਏਕੇ ਦੀ ਘਾਟ ਕਾਰਨ ਉਨ੍ਹਾਂ ਨੂੰ ਰੋਕਣ ਅਤੇ ਆਪ ਵਿਸ਼ਾਲ ਖ਼ਾਲਸਾ ਰਾਜ ਕਾਇਮ ਕਰਨ ਤੋਂ ਅਸਮਰਥ ਸਨ। ਇਸ ਲਈ ਬਾਬਾ ਜੀ ਲਈ ਵੀ ਜ਼ਰੂਰੀ ਹੋ ਗਿਆ ਸੀ ਕਿ ਉਹ ਸਿੱਖ ਮਿਸਲਾਂ ਨੂੰ ਇੱਕ ਆਗੂ ਅਧੀਨ ਇਕੱਤਰ ਕਰਕੇ ਵਿਸ਼ਾਲ ਖ਼ਾਲਸਾ ਰਾਜ ਦੀ ਉਸਾਰੀ ਕਰਨ, ਜਿਸ ਨਾਲ ਭਾਰਤੀ ਜਨਤਾ ਨੂੰ ਧਾੜਵੀਆਂ ਦੀ ਲੁੱਟ ਤੇ ਕਤਲੋਗਾਰਤ ਤੋਂ ਬਚਾਇਆ ਜਾ ਸਕੇ। ਉਨ੍ਹਾਂ ਨੇ ਸਿੱਖ ਸਰਦਾਰਾਂ ਵਿੱਚ ਇਕਸੁਰਤਾ ਲਿਆ ਕੇ ਤੇ ਏਕੇ ਵਿੱਚ ਪਰੋਕੇ ਅਫਗਾਨ ਜਰਨੈਲ ਸ਼ਾਹ ਜਮਾਨ, ਫਰੰਗੀ ਜਰਨੈਲ ਜਾਰਜ ਥਾਮਸਨ, ਰਾਏ ਅਲਯਾਸ, ਮੁਸਲਮਾਨ ਹਾਕਮ ਅਤਾਉਲਾ ਖਾਨ ਅਤੇ ਸ਼ੇਰ ਖਾਨ ਆਦਿ ਵਰਗਿਆਂ ਦੇ ਦੰਦ ਖੱਟੇ ਹੀ ਨਹੀਂ ਕੀਤੇ, ਸਗੋਂ ਸਰਦਾਰ ਰਣਜੀਤ ਸਿੰਘ ਨੂੰ ਲਾਹੌਰ ਦੇ ਤਖ਼ਤ ਉੱਤੇ ਬਿਠਾ ਕੇ ਸਮੁੱਚੀ ਕੌਮ ਅਤੇ ਸਿੱਖ ਸਰਦਾਰਾਂ ਨੂੰ ਉਸ ਦੀ ਅਗਵਾਈ ਵਿੱਚ ਇਕੱਤਰ ਕਰਕੇ ਵਿਸ਼ਾਲ

ਖ਼ਾਲਸਾ ਰਾਜ ਦੀ ਸਥਾਪਨਾ ਕੀਤੀ । ਬਾਬਾ ਜੀ ਵੱਲੋਂ ਖ਼ਾਲਸਾ ਰਾਜ ਦੀ ਸਿਰਜਣਾ ਲਈ ਕੀਤੇ ਇਹ ਯਤਨ ਗੁਰੂ ਸਹਿਬਾਨਾਂ ਦੀ ਸੋਚ ਵਿਚਾਰ, ਸਮੁੱਚੇ ਕਾਰਜਾਂ ਅਤੇ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਅਥਵਾ ਸ਼ਹੀਦੀਆਂ ਦੀ ਉਪਜ ਸਨ ।

ਜਦੋਂ ਵੀ ਮਹਾਰਾਜਾ ਰਣਜੀਤ ਸਿੰਘ ਤੇ ਭੀੜ ਪਈ ਜਾਂ ਮੁਸੀਬਤ ਆਈ, ਬਾਬਾ ਜੀ ਨੇ ਉਸ ਦੀ ਸਹਾਇਤਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਦੀਆਂ ਨੀਹਾਂ ਨੂੰ ਪਕੇਰਾ ਕੀਤਾ ਅਤੇ ਖ਼ਾਲਸਾ ਰਾਜ ਦੇ ਦੁਸ਼ਮਣਾਂ ਦੀਆਂ ਚਾਲਾਂ ਨੂੰ ਅਸਫ਼ਲ ਕਰ ਦਿੱਤਾ । ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਡੋਗਰੇ ਜਰਨੈਲਾਂ ਦੀਆਂ ਚਾਲਾਂ ਵਿੱਚ ਆ ਕੇ ਬਾਬਾ ਜੀ ਨਾਲ ਅਤੇ ਹੋਰ ਸਿੱਖ ਜਰਨੈਲਾਂ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਬਾਬਾ ਜੀ ਨੇ ਫਿਰ ਵੀ ਮਹਾਰਾਜਾ ਰਣਜੀਤ ਸਿੰਘ ਦੇ ਹਰੇਕ ਔਖੇ ਪੜਾਅ ਵਿੱਚ ਸਾਥ ਨਿਭਾਇਆ ਅਤੇ ਖ਼ਾਲਸਾ ਰਾਜ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਿਆ ।

ਸਿਰਦਾਰ ਕਪੂਰ ਸਿੰਘ ਆਈ.ਏ.ਐਸ. ਨੇ ਠੀਕ ਹੀ ਆਖਿਆ ਹੈ ਕਿ ਜੇ ਉਸ ਵੇਲੇ ਦੇ ਸਿੱਖ ਆਗੂ ਬਾਬਾ ਜੀ ਦੀਆਂ ਰਾਜਨੀਤਿਕ ਸਲਾਹਾਂ ਅਤੇ ਧਾਰਮਿਕ ਉਪਦੇਸ਼ਾਂ ਵੱਲ ਧਿਆਨ ਦਿੰਦੇ ਤਾਂ ਸਿੱਖ ਰਾਜ ਅੱਜ ਸਾਰੇ ਉੱਤਰੀ ਭਾਰਤ ਉੱਤੇ ਸਥਾਪਿਤ ਹੋਇਆ ਹੁੰਦਾ, ਅੰਗਰੇਜ਼ਾਂ ਦੇ ਪੈਰ ਕਦੇ ਭਾਰਤ ਵਿੱਚ ਨਾ ਜੰਮਦੇ ਅਤੇ ਸਿੱਖ ਕੌਮ ਅੱਜ ਸੰਸਾਰ ਭਰ ਦੀਆਂ ਉੱਤਮ ਅਤੇ ਗੌਰਵਸ਼ਾਲੀ ਕੌਮਾਂ ਵਿੱਚ ਮੂਹਰੇ ਹੁੰਦੀ । ਪਰ ਬਾਬਾ ਜੀ ਦੇ ਬਚਨਾਂ ਉਪਦੇਸ਼ਾਂ ਨੂੰ ਪੰਥ ਨੇ ਗੌਰ ਨਾਲ ਨਾ ਸੁਣਿਆ, ਵਿਚਾਰਿਆ, ਜਿਸ ਦਾ ਫ਼ਲ ਅਸੀਂ ਅੱਜ ਵੀ ਭੁਗਤ ਰਹੇ ਹਾਂ ।

ਬਾਬਾ ਦੀ ਦਾ ਦ੍ਰਿੜ ਨਿਸ਼ਚਾ ਸੀ ਕਿ ਸਿਧਾਂਤਾਂ ਤੇ ਪਹਿਰਾ ਦੇਣ ਵਾਲੀਆਂ ਕੌਮਾਂ ਹੀ ਸ਼ਕਤੀਸ਼ਾਲੀ ਹੋ ਕੇ ਜਿਉਂ ਸਕਦੀਆਂ ਹਨ ਅਤੇ ਅਜ਼ਾਦੀ ਦਾ ਨਿੱਘ ਮਾਣ ਸਕਦੀਆਂ ਹਨ । ਇਸ ਲਈ ਉਨ੍ਹਾਂ ਨੇ ਅੰਮ੍ਰਿਤ ਸੰਚਾਰ ਕਰਕੇ ਲੰਗਰ ਦੀ ਪਰੰਪਰਾ ਨੂੰ ਕਾਇਮ ਰੱਖ ਕੇ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਹੀ ਨਹੀਂ ਪਾਇਆ, ਸਗੋਂ ਜ਼ੁਲਮ ਨਾਲ ਟਕਰਾਉਣਾ ਤੇ ਜੇਤੂ ਹੋਣ ਦੀ ਜਾਚ ਵੀ ਸਿਖਾਈ ।

ਬਾਬਾ ਜੀ ਦੇ ਸਮੁੱਚੇ ਜੀਵਨ ਤੋਂ ਇਹੀ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਸੱਚ-ਮੁੱਚ ਗੁਰਸਿੱਖ, ਰਾਜ ਜੋਗੀ ਅਤੇ ਸੰਤ-ਸਿਪਾਹੀ ਸਨ । ਇਸੇ ਕਰਕੇ ਹੀ ਬਾਬਾ ਜੀ ਨੂੰ ਖ਼ਾਲਸਾ ਪੰਥ ਤੇ ਖ਼ਾਲਸਾ ਰਾਜ ਦੇ ਇਤਿਹਾਸ ਵਿੱਚ ਅਦੁੱਤੀ ਸਤਿਕਾਰ ਪ੍ਰਾਪਤ ਹੈ ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਰਾਜ ਜੋਗੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾਂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਨੂੰ ਸਮਝੀਏ ਤੇ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਢਾਲੀਏ ਤਾਂ ਹੀ ਅਸੀਂ ਚੜ੍ਹਦੀਆਂ ਕਲਾਂ ਵੱਲ ਜਾ ਸਕਾਂਗੇ ।

ਮੁੱਖ ਸੰਪਾਦਕ
ਚਮਨ ਸਿੰਘ 'ਚਮਨ'

ੴ ਸਤਿਗੁਰ ਪ੍ਰਸਾਦਿ ॥

## ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਸ਼੍ਰੀਮਾਨ ਗੁਰਮੁਖ ਪਿਆਰੇ ਪਰਮ ਸਨੇਹੀ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਟਿਕਾਣਾ ਸਾਹਿਬ ਵੱਲੋਂ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਸ਼ੁੱਭ ਅਸੀਸਾਂ ।

ਅੱਗੇ ਆਪ ਜੀ ਨੂੰ ਵਿਦਿਤ ਹੋਵੇ ਕਿ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੇ ਸੰਸਥਾਪਕ, ਸੇਵਾ, ਸਿਮਰਨ, ਸਾਦਗੀ ਤੇ ਪਰਉਪਕਾਰ ਦੀ ਮੂਰਤ **ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ 'ਸੇਵਾ ਪੰਥੀ' ਦੀ 57ਵੀਂ ਬਰਸੀ** ਅਤੇ **ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਦੀ ਚੌਥੀ ਪਾਵਨ ਯਾਦ** ਮਿਤੀ 19, 20 ਤੇ 21 ਅਪ੍ਰੈਲ 2007 ਮੁਤਾਬਿਕ 6, 7 ਤੇ 8 ਵੈਸਾਖ 2064 ਦਿਨ ਵੀਰਵਾਰ, ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।

ਸੋ ਸੇਵਾ ਕਮਾਉਣ, ਗੁਰੂ ਜਸ ਸੁਣਨ ਤੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਸੁਭਾਗ ਸਮਾਂ ਹੈ । ਸਰਬੱਤ ਨੇ ਪਰਿਵਾਰ ਸਹਿਤ ਲਾਭ ਉਠਾਉਣਾ ।

**ਸਾਧ-ਸੰਗਤ ਦੇ ਦਾਸ :**

(ਸੰਤ) ਕਾਹਨ ਸਿੰਘ 'ਸੇਵਾ ਪੰਥੀ'
(ਸੰਤ) ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਰਣਜੀਤ ਸਿੰਘ 'ਸੇਵਾ ਪੰਥੀ'
(ਸੰਤ) ਜਗਜੀਤ ਸਿੰਘ 'ਸੇਵਾ ਪੰਥੀ'

**(ਮਹੰਤ) ਤੀਰਥ ਸਿੰਘ**
**'ਸੇਵਾ ਪੰਥੀ'**
ਟਿਕਾਣਾ ਭਾਈ ਜਗਤਾ ਜੀ ਸਾਹਿਬ,
(ਨੂਰਪੁਰ ਥਲ)
ਮੋਬਾਇਲ : 98140-32957

## ਟਿਕਾਣਾ ਭਾਈ ਜਗਤਾ ਜੀ ਸਾਹਿਬ

**ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)**

**ਫ਼ੋਨ : 0164-2262012 (ਨਿਵਾਸ), 2262051 (ਦਫ਼ਤਰ)**

## ਸੱਚ-ਖੰਡ ਵਾਸੀ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾ ਪੰਥੀ' ਦੀ
## 57ਵੀਂ ਬਰਸੀ ਸੰਬੰਧੀ ਪ੍ਰਚਾਰ-ਯਾਤਰਾ ਪ੍ਰੋਗਰਾਮ

**ਸੰਤ ਕਾਹਨ ਸਿੰਘ ਜੀ ਮੋਬਾਇਲ : 98140-04503, ਭਾਈ ਧਰਮ ਸਿੰਘ ਜੀ ਮਲੋਟ,**

**ਮਿਤੀ 14 ਮਾਰਚ ਤੋਂ 3 ਅਪ੍ਰੈਲ (1 ਚੇਤਰ ਤੋਂ 21 ਚੇਤਰ) 2007 ਤੱਕ**

| | | |
|---|---|---|
| 14-3-2007 | ਨਰਾਇਣਗੜ੍ਹ (ਹਰਿ:) | ਪਹੁੰਚ ਤੇ ਦੀਵਾਨ ਰਾਤ,<br>ਸ੍ਰ: ਨਰਿੰਦਰਪਾਲ ਸਿੰਘ ਫ਼ੋਨ : 284131 |
| 15-3-2007 | ਨਰਾਇਣਗੜ੍ਹ (ਹਰਿ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ।<br>ਸ੍ਰ: ਸਤਨਾਮ ਸਿੰਘ ਫ਼ੋਨ : 285804, 284550 (ਘਰ)<br>ਸ੍ਰ: ਗੁਰਮੀਤ ਸਿੰਘ ਮੋਬਾਇਲ : 093544-14107 |
| 15-3-2007 | ਪਹਾੜੀਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 16-3-2007 | ਪਹਾੜੀਪੁਰ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ |
| 16-3-2007 | ਸੰਢੋਰਾ (ਯਮੁਨਾ ਨਗਰ) | ਪਹੁੰਚ ਤੇ ਦੀਵਾਨ ਰਾਤ, ਸ੍ਰ: ਭਗਵਾਨ ਸਿੰਘ ਦੇ ਗ੍ਰਹਿ। |
| 17-3-2007 | ਫ਼ਿਰੋਜ਼ਪੁਰ, ਯਮੁਨਾ ਨਗਰ | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ |
| 17-3-2007 | ਭੀਲ ਛੱਪਰ (ਯ: ਨ:) | ਪਹੁੰਚ ਤੇ ਦੀਵਾਨ ਰਾਤ, ਸ੍ਰ:ਅਜੈਬ ਸਿੰਘ ਫ਼ੋਨ:273348 |
| 18-3-2007 | ਭੀਲ ਛੱਪਰ (ਯ: ਨ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ |
| 18-3-2007 | ਨਿਆਰਸੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 19-3-2007 | ਨਿਆਰਸੀ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ<br>ਸ੍ਰ: ਜਗਮੋਹਨ ਸਿੰਘ ਫ਼ੋਨ : 858110 (ਘਰ) |
| 19-3-2007 | ਮਟੇੜੀ | ਪਹੁੰਚ ਤੇ ਦੀਵਾਨ ਰਾਤ,<br>ਸ੍ਰ: ਗੁਰਬਖ਼ਸ਼ ਸਿੰਘ ਫ਼ੋਨ : 2855006,2855644 |
| 20-3-2007 | ਗੌਰਸੀਆਂ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ। |
| 20-3-2007 | ਉਦੇਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਫ਼ੋਨ : 232228 |
| 21-3-2007 | ਜਗੌਲੀ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ,<br>ਸ੍ਰ: ਮਹਿੰਦਰ ਸਿੰਘ ਫ਼ੋਨ : 852139 (ਘਰ) |
| 21-3-2007 | ਦੁਰਗਾ ਨਗਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ,<br>ਸ੍ਰ: ਸਤਵਿੰਦਰ ਸਿੰਘ। ਫ਼ੋਨ : 240310 |
| 22-3-2007 | ਦੁਰਗਾ ਨਗਰ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ।<br>ਸ੍ਰ: ਸ਼ੇਰ ਸਿੰਘ ਨਾਗਪਾਲ, ਫ਼ੋਨ : 2531644 |
| 22-3-2007 | ਨੱਗਲ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, ਗੁ: ਸਾਹਿਬ ਫ਼ੋਨ : 2855154 |
| 23-3-2007 | ਨੱਗਲ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ,<br>ਅੰਮ੍ਰਿਤ-ਸੰਚਾਰ, ਗੁਰਦੁਆਰਾ ਸਾਹਿਬ। ਫ਼ੋਨ : 2855008 |
| 23-3-2007 | ਸ਼ਹਿਜਾਦਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ,<br>ਸ੍ਰ: ਪ੍ਰੇਮ ਸਿੰਘ ਦੇ ਗ੍ਰਹਿ ਵਿਖੇ। ਫ਼ੋਨ : 277283 |
| 24-3-2007 | ਸ਼ਾਹਬਾਦ ਮਾਰਕੰਡਾ (ਅੰਬਾਲਾ) | ਕੀਰਤਨ ਸਮਾਗਮ<br>ਸ੍ਰ: ਸਤਿੰਦਰ ਸਿੰਘ ਫ਼ੋਨ : 01744-326310 |
| 24-3-2007 | ਅੰਬਾਲਾ ਛਾਉਣੀ | ਪਹੁੰਚ ਸ਼ਾਮ, ਪਾਠ ਸੁਖਮਨੀ ਸਾਹਿਬ 4 ਤੋਂ 6 ਵਜੇ<br>ਸ੍ਰ: ਸੁਰਜੀਤ ਸਿੰਘ ਦੇ ਗ੍ਰਹਿ ਵਿਖੇ,<br>ਫ਼ੋਨ : 0171-2671727 |
| 25-3-2007 | ਕਲਾਲ ਮਾਜਰੀ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ,<br>ਸ੍ਰ: ਬਲਵੰਤ ਸਿੰਘ ਦੇ ਗ੍ਰਹਿ ਵਿਖੇ, ਫ਼ੋਨ :0171-2556193(R) |

| | | |
|---|---|---|
| 25-3-2007 | ਕਰੇੜਾ (ਯ: ਨ:) | ਪਹੁੰਚ ਤੇ ਦੀਵਾਨ ਰਾਤ ਗੁ: ਸਾਹਿਬ, ਫ਼ੋਨ : 281209 |
| 26-3-2007 | ਕਰੇੜਾ (ਯ: ਨ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਗੁਰਦੁਆਰਾ ਸਾਹਿਬ। ਫ਼ੋਨ : 01732-281209 |
| 26-3-2007 | ਸਹਾਰਨਪੁਰ (ਯੂ : ਪੀ:) | ਪਹੁੰਚ ਤੇ ਦੀਵਾਨ ਰਾਤ, ਗੁ: ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ। ਫ਼ੋਨ : 0132-2730875 |
| 27-3-2007 | ਸਹਾਰਨਪੁਰ (ਯੂ : ਪੀ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਗੁ: ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ। ਫ਼ੋਨ : 0132-2730875 |
| 27-3-2007 | ਕਾਸ਼ੀਪੁਰ (ਉਤਰਾਂਚਲ) | ਪਹੁੰਚ ਤੇ ਦੀਵਾਨ ਰਾਤ, ਸ੍ਰ: ਸਰੂਪ ਸਿੰਘ ਕਮਲਜੀਤ ਸਿੰਘ ਗੋਰੀਆ। ਫ਼ੋਨ : 94129-70041 |
| 28-3-2007 | ਕਾਸ਼ੀਪੁਰ (ਉਤਰਾਂਚਲ) | ਸਮਾਪਤੀ ਸ੍ਰੀ ਅਖੰਡ ਪਾਠ ਤੇ ਯੱਗ-ਸਮਾਗਮ, ਗੁਰਦੁਆਰਾ ਸਾਹਿਬ। |
| 29-3-2007 | ਮੁਸਤਫਾਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ੍ਰ: ਰਣਜੀਤ ਸਿੰਘ ਦੇ ਗ੍ਰਹਿ ਵਿਖੇ। ਫ਼ੋਨ : 286150 |
| 30-3-2007 | ਮੁਸਤਫਾਬਾਦ (ਹਰਿ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਸ੍ਰ: ਰਣਜੀਤ ਸਿੰਘ ਦੇ ਗ੍ਰਹਿ ਵਿਖੇ। ਫ਼ੋਨ : 286150 |
| 30-3-2007 | ਡੇਰਾਬਸੀ (ਪਟਿਆਲਾ) | ਪਹੁੰਚ ਤੇ ਦੀਵਾਨ ਰਾਤ, ਸ੍ਰ: ਗੁਰਚਰਨ ਸਿੰਘ ਸਾਧੂ ਨਗਰ। ਫ਼ੋਨ : 01762-281475 |
| 31-3-2007 | ਡੇਰਾਬਸੀ (ਪਟਿਆਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਗੁਰਦੁਆਰਾ ਸਾਹਿਬ। ਫ਼ੋਨ : 01762-281475 |
| 31-3-2007 | ਮੁਹਾਲੀ | ਪਹੁੰਚ ਤੇ ਦੀਵਾਨ ਰਾਤ, ਸ੍ਰ: ਬਹਾਦਰ ਸਿੰਘ ਗੋਗੀਆ, #70,ਸੈਕਟਰ-70,ਫ਼ੋਨ: :2260070,98141-48470 |
| 1-4-2007 | ਮੁੰਡੀ ਖਰੜ (ਰੋਪੜ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਸ੍ਰ: ਭਗਵਾਨ ਸਿੰਘ ਸੁਰਜੀਤ ਸਿੰਘ ਦੇ ਗ੍ਰਹਿ ਵਿਖੇ। ਫ਼ੋਨ : 248589 |
| 1-4-2007 | ਮਾਛੀਵਾੜਾ (ਲੁਧਿ:) | ਪਹੁੰਚ ਤੇ ਦੀਵਾਨ ਰਾਤ, ਡੇਰਾ ਮਹੰਤ ਗੁਲਾਬ ਸਿੰਘ। |
| 2-4-2007 | ਮਾਛੀਵਾੜਾ (ਲੁਧਿ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਡੇਰਾ ਮਹੰਤ ਗੁਲਾਬ ਸਿੰਘ ਵਿਖੇ। |
| 2-4-2007 | ਚੱਕੀ (ਲੁਧਿ:) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 3-4-2007 | ਚੱਕੀ (ਲੁਧਿ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ ਗੁ: ਸਾਹਿਬ |
| 8-4-2007 | ਦੁਰਗਾ ਨਗਰ (ਅੰਬਾਲਾ) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਸ੍ਰ: ਅਮਰੀਕ ਸਿੰਘ ਦੇ ਗ੍ਰਹਿ ਵਿਖੇ। ਫ਼ੋਨ : 2531866, 94161-74267 |

**ਵਿਸ਼ੇਸ਼ ਨੋਟ : ਮਿਤੀ 23 ਮਾਰਚ 2007 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਨੱਗਲ (ਅੰਬਾਲਾ) ਵਿਖੇ ਵੱਡੇ ਪੱਧਰ ਤੇ ਅੰਮ੍ਰਿਤ-ਸੰਚਾਰ ਹੋ ਰਿਹਾ ਹੈ। ਅੰਮ੍ਰਿਤ ਅਭਿਲਾਖੀ ਲਾਭ ਉਠਾਉਣ।**

# ਪ੍ਰੋਗਰਾਮ ਪ੍ਰਚਾਰ-ਯਾਤਰਾ ਮਾਰਚ 2007

## ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'


ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ : 0164, ਫ਼ੋਨ : 2262012, 2262051, ਫੈਕਸ : 2262657
ਮੋਬਾਇਲ : 98140-32957 (ਮਹੰਤ ਜੀ), 98140-35191 (ਸੰਤ ਰਣਜੀਤ ਸਿੰਘ)


| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 1-3-2007 ਤੋਂ 8-3-2007 ਤੱਕ | ਬੁੱਢਲਾਡਾ | ਸਮਾਗਮ, ਗੁਰਦੁਆਰਾ ਭਾਈ ਜਗਤਾ ਜੀ |
| 2-3-2007 | ਗੋਨਿਆਣਾ | ਕਾਨਵੋਕੇਸ਼ਨ, ਭਾਈ ਆਸਾ ਸਿੰਘ ਗਰਲਜ਼ ਕਾਲਜ਼ |
| 4-3-2007 | ਬਠਿੰਡਾ | ਸ੍ਰ: ਸਵਿੰਦਰ ਸਿੰਘ, ਕਾਕਾ ਗੁਰਪ੍ਰੀਤ ਸਿੰਘ, ਕਾਕਾ ਹਰਮਨ ਸਿੰਘ ਦੇ ਦਸਤਾਰ ਸਜਾਉਣ ਦੀ ਰਸਮ (ਸਵੇਰੇ 10 ਵਜੇ) ਕਰਤਾਰ ਕਲੋਨੀ, ਗ਼ੀਲ ਨੰ: 3, ਨੇੜੇ ਐਨ.ਐਫ.ਐਲ. ਫ਼ੋਨ : 99881-88198 |
| 14-3-2007 | ਗੋਨਿਆਣਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 25-3-2007 | ਸੁਹਾਣਾ (ਮੁਹਾਲੀ) | ਸਾਲਾਨਾ ਗੁਰਮਤਿ ਸਮਾਗਮ (ਕਥਾ ਮਹੰਤ ਸਾਹਿਬ ਸਮਾਂ 11 ਵਜੇ ਸਵੇਰੇ) (ਭਾਈ ਜਸਵੀਰ ਸਿੰਘ ਜੀ ਖੰਨੇ ਵਾਲਿਆਂ ਦੀ ਯਾਦ ਵਿੱਚ) ਗੁਰਦੁਆਰਾ ਗੁਰਸ਼ਬਦ ਪ੍ਰਕਾਸ਼,ਅਕਾਲ ਆਸ਼ਰਮ, ਫ਼ੋਨ : 0172-3290868 |
| 26-3-2007 | ਸਹਾਰਨਪੁਰ (ਯੂ : ਪੀ:) | ਪਹੁੰਚ ਤੇ ਦੀਵਾਨ ਰਾਤ, ਗੁ: ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ । ਫ਼ੋਨ : 0132-2730875 |
| 27-3-2007 | ਸਹਾਰਨਪੁਰ (ਯੂ : ਪੀ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਗੁ: ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ । ਫ਼ੋਨ : 0132-2730875 |
| 27-3-2007 | ਊਨਾ ਸਾਹਿਬ (ਹਿ: ਪ੍ਰ:) | ਪਹੁੰਚ ਰਾਤ (ਗੁਰੂ ਨਾਨਕ ਦਰ ਘਰ ਕਿਲਾ ਬੇਦੀ ਸਾਹਿਬ) ਬਾਬਾ ਸਰਬਜੋਤ ਸਿੰਘ ਬੇਦੀ ਫ਼ੋਨ : 01975-226124, 225113 |
| 28-3-2007 | ਊਨਾ ਸਾਹਿਬ (ਹਿ: ਪ੍ਰ:) | ਸਲਾਨਾ ਸਮਾਗਮ (ਗੁਰੂ ਨਾਨਕ ਦਰ ਘਰ ਕਿਲਾ ਬੇਦੀ ਸਾਹਿਬ) ਬਾਬਾ ਸਰਬਜੋਤ ਸਿੰਘ ਬੇਦੀ ਫ਼ੋਨ : 01975-226124, 225113 |
| 1-4-2007 | ਮਾਛੀਵਾੜਾ (ਲੁਧਿ:) | ਪਹੁੰਚ ਤੇ ਦੀਵਾਨ ਰਾਤ, ਡੇਰਾ ਮਹੰਤ ਗੁਲਾਬ ਸਿੰਘ । |
| 2-4-2007 | ਮਾਛੀਵਾੜਾ (ਲੁਧਿ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ, ਡੇਰਾ ਮਹੰਤ ਗੁਲਾਬ ਸਿੰਘ ਵਿਖੇ । |
| 2-4-2007 | ਚੱਕੀ (ਲੁਧਿ:) | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ । |
| 3-4-2007 | ਚੱਕੀ (ਲੁਧਿ:) | ਸਮਾਪਤੀ ਸ੍ਰੀ ਅਖੰਡ-ਪਾਠ ਤੇ ਯੱਗ-ਸਮਾਗਮ ਗੁ: ਸਾਹਿਬ |

ਲੜੀਵਾਰ ਕਥਾ

# ਸੁਖਮਨੀ ਸਾਹਿਬ

– ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਫ਼ਰਵਰੀ 2007 ਮਹੀਨੇ ਦਾ ਅੰਕ ਪੜ੍ਹੋ ।

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥
ਸਦਾ ਸਦਾ ਬਸੈ ਹਰਿ ਸੰਗਿ ॥
ਸਹਜ ਸੁਭਾਇ ਹੋਵੈ ਸੋ ਹੋਇ ॥
ਕਰਣੈਹਾਰੁ ਪਛਾਣੈ ਸੋਇ ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥
ਜੈਸਾ ਸਾ ਤੈਸਾ ਦ੍ਰਿਸਟਾਨਾ ॥
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥
ਓਇ ਸੁਖ ਨਿਧਾਨ ਉਨਹੂ ਬਨਿ ਆਏ ॥
ਆਪਸ ਕਉ ਆਪਿ ਦੀਨੋ ਮਾਨੁ ॥
ਨਾਨਕ ਪ੍ਰਭ ਜਨੁ ਏਕੋ ਜਾਨੁ ॥ ੮॥ ੧੪॥

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥
ਸਦਾ ਸਦਾ ਬਸੈ ਹਰਿ ਸੰਗਿ॥

**ਅਰਥ :** ਇਸ ਪਉੜੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਉਹ ਉਤਮ ਪੁਰਖ ਜੋ ਕੁਝ ਵੀ ਕਰਦਾ ਹੈ ਉਹ ਪ੍ਰਭੂ ਦੇ ਰੰਗਿ-ਪ੍ਰੇਮ ਵਿੱਚ ਕਰਦਾ ਹੈ। ਉਹ ਉਤਮ ਪੁਰਖ ਸਦਾ-ਨਿਤ ਪਰਮੇਸ਼ਰ ਦੇ ਸੰਗ ਵਿੱਚ ਵੱਸਦੇ ਹਨ ਭਾਵ ਪ੍ਰਭੂ ਦੀ ਯਾਦ ਵਿੱਚ ਉਸ ਨੂੰ ਅੰਗ-ਸੰਗ ਜਾਣਦੇ, ਸਮਝਦੇ ਹਨ ।

ਸਹਜ ਸੁਭਾਇ ਹੋਵੈ ਸੋ ਹੋਇ ॥
ਕਰਣੈਹਾਰੁ ਪਛਾਣੈ ਸੋਇ ॥

**ਅਰਥ :** ਉਨ੍ਹਾਂ ਅਨੁਸਾਰ ਸੰਸਾਰ ਵਿੱਚ ਜੋ ਕੁੱਝ ਆ ਵਾਪਰੇ ਉਸ ਨੂੰ ਇਸ ਤਰ੍ਹਾਂ ਸਮਝਦੇ ਹਨ ਕਿ ਜੋ ਕੁੱਝ ਹੁੰਦਾ ਹੈ, ਉਹ **ਸਹਜ ਸੁਭਾਇ**- ਸੁਤੇਸਿਧ ਹੀ ਹੋ ਰਿਹਾ ਹੈ, ਤੇ ਹੋਈ ਜਾਵੇ ਤਾਂ ਕਿ ਕਰਮਾਂ ਦਾ ਹਿਸਾਬ ਮੁੱਕ ਜਾਵੇ । ਉਹ ਹਰ ਵੇਲੇ ਸਾਰੇ ਕਾਰਜਾਂ ਦਾ ਕਰਨਹਾਰ ਪਰਮੇਸ਼ਰ ਨੂੰ ਹੀ ਪਛਾਣਦਾ ਹੈ ।

ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥
ਜੈਸਾ ਸਾ ਤੈਸਾ ਦ੍ਰਿਸਟਾਨਾ ॥

**ਅਰਥ :** ਅੱਗੇ ਗੁਰੂ ਮਹਾਰਾਜ ਕਹਿੰਦੇ ਹਨ ਕਿ ਪ੍ਰਭੂ ਦਾ ਕੀਤਾ ਹੋਇਆ ਗੁਰਮੁਖ ਜਨਾਂ ਨੂੰ ਮਿੱਠਾ ਲੱਗਦਾ ਹੈ ਕਿਉਂਕਿ ਜਿਹੋ ਜਿਹਾ ਪ੍ਰਭੂ ਦਾ ਸਰੂਪ ਹੈ ਉਨ੍ਹਾਂ ਗੁਰਮੁਖਾਂ ਨੇ **ਤੈਸਾ ਦ੍ਰਿਸਟਾਨਾ**-ਉਹੋ ਜਿਹਾ ਵੇਖ ਲਿਆ ਹੈ ।

ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥
ਓਇ ਸੁਖ ਨਿਧਾਨ ਉਨਹੂ ਬਨਿ ਆਏ ॥

**ਅਰਥ :** ਇਸ ਤਰ੍ਹਾਂ ਪ੍ਰਭੂ ਦੇ ਜਾਣਨਹਾਰ ਉਹ ਜਨ ਜਿਸ ਪਰਮੇਸ਼ਰ ਤੋਂ ਪੈਦਾ ਹੋਏ ਸਨ ਉਸੇ ਵਿੱਚ ਹੀ ਸਮਾ ਗਏ ਹਨ । ਉਹ ਜਨ ਹੁਣ ਪ੍ਰਭੂ ਵਿੱਚ ਜੋ ਸੁੱਖਾਂ ਦੇ ਨਿਧਾਨ-ਖ਼ਜ਼ਾਨੇ, ਭੰਡਾਰ ਸਨ । ਉਹ ਉਸੇ ਗੁਰਮੁਖ ਨੂੰ ਹੀ ਬਨਿ ਆਏ- ਪ੍ਰਾਪਤ ਹੋ ਆਏ ਹਨ, ਜੋ ਇਸ ਦਾਤ ਦੇ ਯੋਗ ਸਨ ।

ਆਪਸ ਕਉ ਆਪਿ ਦੀਨੋ ਮਾਨੁ ॥
ਨਾਨਕ ਪ੍ਰਭ ਜਨੁ ਏਕੋ ਜਾਨੁ॥ ੮॥ ੧੪ ॥

**ਅਰਥ :** ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਇਹ ਸੁੱਖ ਨਿਧਾਨ ਹੋਣ ਦਾ ਮਾਨੁ-ਆਦਰ ਬਖ਼ਸ਼ਣ ਵਿੱਚ ਪਰਮੇਸ਼ਰ ਨੇ ਆਪਣੇ ਸੇਵਕ ਨੂੰ ਆਪ ਹੀ ਮਾਨ ਦਿੱਤਾ ਹੈ । ਉਸ ਪ੍ਰਭੂ ਨੂੰ ਤੇ ਸੇਵਕ ਜਨ ਨੂੰ ਇੱਕ ਸਰੂਪ ਜਾਣ ਕੇ ਸਮਝ ।

ਫ਼ਰਮਾਨ ਹੈ :

ਹਰਿ ਹਰਿ ਜਨ ਦੁਇ ਏਕ ਹੈਂ ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥ ੬੦ ॥
(ਦਸਮ ਗ੍ਰੰਥ, ਅੰਗ ੫੯)

(ਚੱਲਦਾ...)

੧ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਫ਼ਰਵਰੀ 2007 ਦਾ ਅੰਕ ਪੜ੍ਹੋ ।

**ਸਲੋਕੁ ॥** ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥
ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ॥ ੧ ॥

**ਪਉੜੀ ॥** ਚਚਾ ਚਰਨ ਕਮਲ ਗੁਰ ਲਾਗਾ ॥
ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥
ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥
ਭਈ ਕ੍ਰਿਪਾ ਤਬ ਦਰਸਨੁ ਪਾਇਓ ॥
ਚਾਰ ਬਿਚਾਰ ਬਿਨਸਿਓ ਸਭ ਦੂਆ ॥
ਸਾਧਸੰਗਿ ਮਨੁ ਨਿਰਮਲ ਹੂਆ ॥
ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥
ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥ ੨੨॥

---

**ਸਲੋਕੁ ॥** ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥
ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ॥ ੧ ॥

**ਪਦ ਅਰਥ :** ਚਿਤਿ-ਚਿਤ ਵਿੱਚ, ਚਿਤਵਉ-ਮੈਂ ਸਿਮਰਦਾ ਹਾਂ, ਚਰਣਾਰਬਿੰਦ-ਚਰਨ ਕਮਲ, ਊਧ-ਉਲਟਾ, ਪੁੱਠਾ, ਬਿਗਸਾਂਤ-ਖਿੜਿਆ ।

**ਅਰਥ :** ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਮੈਂ ਆਪਣੇ ਚਿੱਤ ਵਿੱਚ ਪ੍ਰਭੂ ਦੇ ਕਮਲਾਂ ਵਰਗੇ ਸੋਹਣੇ ਚਰਨਾਂ ਦਾ ਧਿਆਨ ਕਰਦਾ ਹਾਂ । ਜੋ ਜੀਵ ਇਹ ਕੰਮ ਕਰਦਾ ਹੈ, ਉਸ ਦਾ ਮਾਇਆ ਵਾਲੇ ਪਾਸੇ ਉਲਟਿਆ ਮਨ ਕਮਲ ਫੁੱਲ ਵਾਂਗ ਖਿੜ ਪੈਂਦਾ ਹੈ ਜਿਵੇਂ ਸੂਰਜ ਨੂੰ ਵੇਖ ਕੇ ਕਮਲ ਖਿੜਦਾ ਹੈ ਤਿਵੇਂ ਸੰਤ, ਗੁਰੂ ਦੀ ਸਿੱਖਿਆ ਨੂੰ ਪ੍ਰਾਪਤ ਕਰਕੇ ਉਸ ਦੇ ਹਿਰਦੇ ਵਿੱਚ ਗੋਬਿੰਦ ਜੀ ਆ ਕੇ ਪ੍ਰਗਟ ਹੋ ਜਾਂਦੇ ਹਨ ।

**ਪਉੜੀ :** ਚਚਾ ਚਰਨ ਕਮਲ ਗੁਰ ਲਾਗਾ ॥
ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥

ਲੜੀ ਜੋੜਨ ਲਈ ਫ਼ਰਵਰੀ 2007 ਦਾ ਅੰਕ ਪੜ੍ਹੋ

ਪਦ ਅਰਥ : ਉਆ ਦਿਨ-ਉਹ ਦਿਨ, ਸਭਾਗਾ-ਭਾਗਾਂ ਵਾਲਾ ।

ਅਰਥ : ਚੱਚੇ ਅੱਖਰ ਦੁਆਰਾ ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਉਹ ਦਿਨ ਭਾਗਾਂ ਵਾਲੇ ਹਨ । ਉਹ ਸੰਜੋਗ-ਸਮਾਂ ਭਾਗਾਂ ਵਾਲਾ ਸਮਝੋ ਜਦੋਂ ਕਿਸੇ ਜੀਵ ਦਾ ਮਸਤਕ (ਮੱਥਾ) ਗੁਰੂ ਦੇ ਸੋਹਣੇ ਚਰਨਾਂ ਵਿੱਚ ਜੁੜੇ ।

**ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥**
**ਭਈ ਕ੍ਰਿਪਾ ਤਬ ਦਰਸਨੁ ਪਾਇਓ ॥**

ਅਰਥ : ਪ੍ਰਭੂ ਦੇ ਦਰਸ਼ਨ ਦੀ ਖਾਤਰ, ਮਨ ਦੀ ਸ਼ਾਂਤੀ ਦੇ ਲਈ ਜੀਵ ਚਹੁੰਆਂ ਤਰਫ਼ਾਂ, ਦਸੀਂ ਪਾਸੀਂ ਭਟਕਦਾ ਰਿਹਾ, ਪਰ ਜਦੋਂ ਪਰਮੇਸ਼ਰ ਦੀ ਕਿਰਪਾ ਹੋਈ ਤੇ ਗੁਰੂ ਦਾ ਮਿਲਾਪ ਹੋਇਆ ਤਾਂ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਹੋ ਗਏ ।

**ਚਾਰ ਬਿਚਾਰ ਬਿਨਸਿਓ ਸਭ ਦੂਆ ॥**
**ਸਾਧਸੰਗਿ ਮਨੁ ਨਿਰਮਲ ਹੂਆ ॥**

ਪਦ ਅਰਥ : ਚਾਰ ਬਿਚਾਰ-ਸੁੰਦਰ ਵਿਚਾਰ, ਦੂਆ-ਮਾਇਆ ਦਾ ਪਿਆਰ ।

ਅਰਥ : ਗੁਰੂ ਦੀ ਸੰਗਤ ਕਰਕੇ ਮੇਰਾ ਮਨ ਪਵਿੱਤਰ ਹੋ ਗਿਆ ਹੈ ਤਾਂ ਮੇਰੇ ਵਿਚਾਰ ਸੋਹਣੇ ਹੋ ਗਏ ਹਨ ਤੇ ਮਾਇਆ ਦਾ ਸਾਰਾ ਮੋਹ ਹੀ ਦੂਰ ਹੋ ਗਿਆ, ਮੁੱਕ ਗਿਆ ਹੈ ।

**ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥**
**ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥ ੨੨ ॥**

ਅਰਥ : ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਗੁਰੂ ਦੇ ਦਿੱਤੇ ਗਿਆਨ ਸੁਰਮੇ ਨੂੰ ਆਪਣੀ ਬੁੱਧੀ ਰੂਪੀ ਅੱਖਾਂ ਵਿੱਚ ਪਾ ਲਿਆ ਹੈ ਉਹ ਸਾਰੀਆਂ ਚਿੰਤਾਵਾਂ ਵਿਸਾਰ ਕੇ ਇੱਕ ਪਰਮਾਤਮਾ ਦਾ ਹੀ ਚਿੰਤਨ ਕਰਦਾ ਹੈ ਤੇ ਹਰ ਥਾਂ ਤੇ ਇੱਕ ਪਰਮੇਸ਼ਰ ਦੇ ਹੀ ਦਰਸ਼ਨ ਕਰਦਾ ਹੈ ।

ਭਾਵ ਅਰਥ : ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਸ਼ਬਦ ਦੁਆਰਾ ਸਮਝਾਇਆ ਹੈ ਕਿ ਜਿਵੇਂ ਕਮਲ ਸੂਰਜ ਨੂੰ ਵੇਖ ਕੇ ਖਿੜਦਾ ਹੈ ਤੇ ਪਾਣੀ ਵਿੱਚ ਡੁੱਬਦਾ ਨਹੀਂ ਹੈ ਤਿਵੇਂ ਮਨੁੱਖ ਦਾ ਮਨ ਜੋ ਮਾਇਆ ਵੱਲ ਉਲਟਿਆ ਹੋਇਆ ਹੈ ਉਹ ਬ੍ਰਹਮ-ਗਿਆਨ ਦੇ ਸੂਰਜ, ਗੁਰੂ ਦੇ ਉਪਦੇਸ਼ ਵੱਲ ਸੁਰਤੀ ਲਗਾਉਂਦਾ ਹੈ ਤਾਂ ਖਿੜਾਉ ਵਿੱਚ ਆ ਜਾਂਦਾ ਹੈ । ਉਸ ਦੇ ਅੰਦਰੋਂ ਮਾਇਕ ਵਿਕਾਰ ਦੂਰ ਹੋ ਜਾਂਦੇ ਹਨ ਤੇ ਨੇਕ ਵਿਚਾਰਾਂ ਨੂੰ ਪ੍ਰਾਪਤ ਕਰਕੇ, ਪਰਮੇਸ਼ਰ ਦੇ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕਰਦਾ ਹੈ ।

(ਚੱਲਦਾ...)

# ਅਨਮੋਲ ਬਚਨ

– ਮੈਡਮ ਸਤੀਸ਼ ਸ਼ਾਹਣੀ

★ ਭਵਿੱਖ ਉਸ ਦਾ ਚੰਗਾ ਹੈ ਜੋ ਹੌਂਸਲੇ ਨਾਲ ਅੱਗੇ ਵਧੇ ।

भविष्य उस का अच्छा है जो हौंसले से आगे बढ़े ।

**Future-honours him who advances bravely.**

★ ਸਮੱਸਿਆ ਆਕੜ ਤੋਂ ਸ਼ੁਰੂ ਹੁੰਦੀ ਹੈ ਤੇ ਕੁਰਬਾਨੀ ਤੇ ਖ਼ਤਮ ਹੁੰਦੀ ਹੈ ।

समस्या अकड़ से शुरू होती है और कुर्बानी पर समाप्त होती है ।

**Problem rises with pride & ends with sacrifice.**

★ ਤਦਬੀਰ ਨਾਲ ਹੀ ਤਕਦੀਰ ਬਣਦੀ ਹੈ ।

तदबीर से ही तकदीर बनती है ।

**Hard work can make destiny.**

★ ਫੁੱਲ ਦੇ ਨਾਲ-ਨਾਲ ਕੰਡਿਆਂ ਦਾ ਵੀ ਜਨਮ ਹੁੰਦਾ ਹੈ ।

फूल के साथ-साथ कांटों का भी जन्म होता है ।

**Every rose has thrones.**

★ ਸੰਸਾਰ ਵਿੱਚ ਕੁੱਝ ਲੋਕ ਪੂਜਨ ਦੇ ਯੋਗ ਹੁੰਦੇ ਹਨ ।

संसार में कुछ लोग पूजा के योग्य होते हैं ।

**A few people are to be worshiped in the world.**

★ ਅੱਖ ਤਾਂ ਵੇਖਦੀ ਹੈ, ਵਿਚਾਰ ਕਰੋ ਅੱਖ ਦੇ ਪਿੱਛੇ ਕੌਣ ਵੇਖਦਾ ਹੈ ।

आंख तो देखती है, सोचिए आंख के पीछे कौन देखता है ।

**Eye sees but think over it, who looks behind the eye.**

# ਭਾਈ ਘਨੱਈਆ ਦਸਤਾਰ (ਪਗੜੀ) ਸਿਖਲਾਈ ਸੈਂਟਰ

ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ ਭਾਈ ਘਨੱਈਆ ਦਸਤਾਰ (ਪਗੜੀ) ਸਿਖਲਾਈ ਸੈਂਟਰ 2004 ਈ: ਤੋਂ ਖੋਲਿਆ ਹੋਇਆ ਹੈ। ਇਸ ਸੈਂਟਰ ਦੇ ਮੁੱਖ ਸਰਪ੍ਰਸਤ ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਤੇ ਸਰਪ੍ਰਸਤ ਸੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' ਹਨ । ਇਥੇ ਇਨ੍ਹਾਂ ਸਤਰਾਂ ਦਾ ਲੇਖਕ ਦਸਤਾਰ ਬਾਰੇ ਕੁੱਝ ਜਾਣਕਾਰੀ ਦੇ ਰਿਹਾ ਹੈ ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦਸਤਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦੀ ਸੰਗਿਆ ਪੱਗ ਹੈ । ਵਿਦੇਸ਼ਾਂ ਵਿੱਚ ਖ਼ਾਸ ਕਰਕੇ ਯੂਰਪੀ ਦੇਸ਼ਾਂ ਵਿੱਚ ਸਿੱਖ ਭਾਰਤੀ ਦੀ ਪਹਿਲੀ ਪਛਾਣ ਪੱਗ ਤੋਂ ਹੁੰਦੀ ਹੈ। ਸਿੱਖ ਸਿਰ ਦਸਤਾਰ ਨੇ ਅੱਜ ਤੱਕ ਪਹੁੰਚਣ ਲਈ ਇਤਿਹਾਸ ਨੇ ਕੁੱਝ ਮੋੜ ਕੱਟੇ ਹਨ । ਅਮਨ ਦੇ ਸਮੇਂ ਵਿੱਚ ਦਸਤਾਰ ਨੇ ਉੱਚ ਦੁਮਾਲੜਾ ਬਣ ਦਿਖਾਉਣਾ ਨਿਹੰਗ ਸਿੰਘਾਂ ਨੇ ਅਪਣਾ ਲਿਆ । ਕਲਫ਼ (ਮਾਇਆ) ਲੱਗੀ ਪੱਗੜੀ ਨੇ ਕੁੱਝ ਭਾਂਤ ਦੇ ਸ਼ਮਲੇ ਵੀ ਪਿਛਲੀ ਸਦੀ ਦੇ ਅੱਧ ਤੱਕ ਪੇਸ਼ ਕੀਤੇ । ਨਾਮਧਾਰੀ ਦਸਤਾਰ ਵੀ ਦੋ ਨੁੱਕਰੀ ਦਸਤਾਰ ਦਾ ਰੂਪ ਹੈ ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ 1699 ਈ: ਦੀ ਵਿਸਾਖੀ ਨੂੰ ਖ਼ਾਲਸਾ ਸਾਜਿਆ ਤਾਂ ਉਸ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਸਿਰ ਤੇ ਕੇਸਾਂ ਦੀ ਸੰਭਾਲ ਲਈ ਦਸਤਾਰ ਜ਼ਰੂਰ ਸਜਾਏ । ਦਸਤਾਰ ਬੰਨ੍ਹਣ ਲਈ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੇ ਹਨ । ਇਸ ਦੀ ਸੰਭਾਲ ਕਰਨਾ ਵੀ ਉਨ੍ਹਾਂ ਦਾ ਪਵਿੱਤਰ ਫ਼ਰਜ਼ ਬਣਦਾ ਹੈ । ਜੇਕਰ ਸਿਰ ਤੇ ਕੇਸ ਹੋਣਗੇ ਤਾਂ ਹੀ ਅਸੀਂ ਦਸਤਾਰ ਬੰਨ੍ਹ ਸਕਦੇ ਹਾਂ । ਇਸ ਲਈ ਸਿੱਖਾਂ ਲਈ ਕੇਸਾਂ ਤੇ ਦਸਤਾਰਾਂ ਦਾ ਆਪਸੀ ਰਿਸ਼ਤਾ ਅਨਿੱਖੜਵਾਂ ਤੇ ਅਟੁੱਟ ਹੈ । ਸਿੱਖਾਂ ਲਈ ਦਸਤਾਰ ਦੀ ਵਿਸ਼ੇਸ਼ ਮਹਾਨਤਾ ਹੈ । ਦਸਤਾਰ ਸਿੱਖ ਲਈ ਕੋਈ ਸਾਧਾਰਨ ਚਿੰਨ੍ਹ ਨਹੀਂ ਸਗੋਂ ਸਿੱਖ ਦੀ ਹਸਤੀ ਇਸ ਨਾਲ ਜੁੜੀ ਹੋਈ ਹੈ । ਗੁਰੂ ਸਾਹਿਬਾਂ ਨੇ ਸਿੱਖ ਨੂੰ ਕੇਸਾਂ ਅਤੇ ਦਸਤਾਰ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਕੀਤੀ । ਵਿਦੇਸ਼ਾਂ ਵਿੱਚ (ਇੰਗਲੈਂਡ) ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਦੀ ਕਦਰ ਕਰਦਿਆਂ ਇਨ੍ਹਾਂ ਨੂੰ ਕੇਸ ਦਾਹੜੀਆਂ ਰੱਖ ਕੇ, ਦਸਤਾਰ ਸਜਾ ਕੇ, ਨੌਕਰੀ ਕਰਨ, ਵਾਹਨ ਚਲਾਉਣ ਤੇ ਵਰਦੀ ਪਾਉਣ, ਸਮਾਜਿਕ, ਧਾਰਮਿਕ, ਭਾਈਚਾਰਕ ਇਕੱਠਾਂ ਵਿੱਚ ਜਾਣ ਦੀ ਖੁੱਲ੍ਹ ਮਿਲੀ ਹੋਈ ਹੈ ।

ਗੁਰਮਤਿ ਵਿੱਚ ਦਸਤਾਰ ਦੀ ਵਿਸ਼ੇਸ਼ ਮਹਾਨਤਾ ਹੈ । 'ਸਾਬਤ ਸੂਰਤ ਦਸਤਾਰ ਸਿਰਾ'। ਨੌਜਵਾਨ ਪੀੜ੍ਹੀ ਨੂੰ ਗੁਰਸਿੱਖੀ ਜੀਵਨ ਨਾਲ ਜੋੜਨ ਲਈ ਹੀ ਸੋਹਣੀ ਦਸਤਾਰ ਬੰਨ੍ਹਣ ਦੀ ਸਿਖਲਾਈ ਦਿੱਤੀ ਜਾਂਦੀ ਹੈ । ਖ਼ਾਲਸਾ ਦਸਤਾਰ ਦੀ ਥਾਂ ਤੇ ਦਸਤਾਰਾ ਸ਼ਬਦ ਵਰਤਦਾ ਹੈ ।

ਸੰਨ 2006 ਵਿੱਚ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਇੱਕ 50 ਮਿੰਟ ਦੀ ਫਿਲਮ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਨਵੀਂ ਬਸਤੀ ਵਿਖੇ ਸੰਗਤਾਂ ਨੂੰ ਦਿਖਾਈ

ਗਈ । ਇਸ ਮੌਕੇ ਤੇ ਸੰਤ ਕਾਹਨ ਸਿੰਘ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਕਿਵੇਂ ਸ਼ਹੀਦੀ ਪ੍ਰਾਪਤ ਕੀਤੀ । ਸਾਡੇ ਬੱਚਿਆਂ ਨੂੰ ਸਿੱਖੀ ਸਰੂਪ ਧਾਰਨ ਕਰਨਾ ਚਾਹੀਦਾ ਹੈ ਤੇ ਕੇਸਾਧਾਰੀ ਬਣ ਕੇ ਦਸਤਾਰ ਸਜਾਉਣ ਤਾਂ ਕਿ ਕੌਮ ਦੀ ਪਨੀਰੀ ਛੋਟੇ-ਛੋਟੇ ਬੱਚਿਆਂ ਨੂੰ ਸਿੱਖੀ ਵਿਰਸੇ ਨਾਲ ਜੋੜਿਆ ਜਾ ਸਕੇ/ਜੁੜ ਸਕਣ ।

ਭਾਈ ਘਨੱਈਆ ਦਸਤਾਰ ਸਿਖਲਾਈ ਸੈਂਟਰ ਦੇ ਪ੍ਰਧਾਨ ਸ੍ਰ: ਬਲਵੀਰ ਸਿੰਘ ਤੇ ਰਵਿੰਦਰ ਸਿੰਘ ਐਡਵੋਕੇਟ ਹਨ । ਇਸ ਸੈਂਟਰ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਤੱਕ ਕੋਈ ਵੀ ਦਸਤਾਰ ਸਜਾਉਣ ਦੀ ਸਿਖਲਾਈ ਹਾਸਲ ਕਰ ਸਕਦਾ ਹੈ, ਸਿਖਲਾਈ ਦੇਣ ਵਾਲੇ ਅਮਨਦੀਪ ਸਿੰਘ, ਬਲਜੀਤ ਸਿੰਘ, ਮਨਦੀਪ ਸਿੰਘ, ਰਵਿੰਦਰ ਸਿੰਘ, ਹਰਸਿਮਰਨ ਸਿੰਘ ਹਨ । ਇਸ ਸੈਂਟਰ ਵਿੱਚ ਦਸਤਾਰ ਸਜਾਉਣ ਦੀ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਉਮਰ 9 ਸਾਲ ਤੋਂ ਲੈ ਕੇ 18 ਸਾਲ ਤੱਕ ਹੈ । ਹੁਣ ਤੱਕ ਸੈਂਟਰ ਵਿਖੇ 120 ਬੱਚਿਆਂ ਨੇ ਦਸਤਾਰ ਸਜਾਉਣ ਦੀ ਸਿੱਖਿਆ ਪ੍ਰਾਪਤ ਕੀਤੀ ਹੈ ।

ਦਸਤਾਰ ਸਿਖਲਾਈ ਦੇਣ ਵਾਲੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਚਾਹੇ ਕਈ ਸਕੂਲਾਂ ਦੇ ਬੱਚੇ ਪੂਰੇ-ਪੂਰੇ ਸਹਿਜਧਾਰੀ ਹਨ ਪਰ ਉਹਨਾਂ ਸਕੂਲਾਂ ਦੇ ਮਾਸਟਰਾਂ ਤੇ ਮੈਡਮਾਂ ਨੇ ਬਹੁਤ ਉਤਸ਼ਾਹ ਦਿੱਤਾ ਹੈ ਤੇ ਬੱਚਿਆਂ ਨੂੰ ਸਿੱਖੀ ਜੀਵਨ ਵੱਲ ਪ੍ਰੇਰਿਤ ਕੀਤਾ ਹੈ ਕਿ ਕਿਵੇਂ ਛੋਟੇ ਸਾਹਿਬਜ਼ਾਦਿਆਂ ਅਤੇ ਸਿੱਖ ਕੌਮ ਵੱਲੋਂ ਕੀਤੀਆਂ ਕੁਰਬਾਨੀਆਂ ਦਾ ਹਵਾਲਾ ਦੇ ਕੇ ਵਿਸਥਾਰ ਸਹਿਤ ਦੱਸਿਆ ਹੈ । ਭਾਈ ਘਨੱਈਆ ਦਸਤਾਰ ਸਿਖਲਾਈ ਸੈਂਟਰ ਵੱਲੋਂ ਗੁਰੂ ਰਾਮਦਾਸ ਪਬਲਿਕ ਸਕੂਲ ਤੇ ਗੁਰੂ ਨਾਨਕ ਪਬਲਿਕ ਸਕੂਲ ਗੋਨਿਆਣਾ ਮੰਡੀ ਵਿਖੇ 25 ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਗਈ । ਸੈਂਟਰ ਵੱਲੋਂ ਗੁਰੂ ਰਾਮਦਾਸ ਪਬਲਿਕ ਸਕੂਲ ਦੇ 10 ਬੱਚਿਆਂ ਨੂੰ, ਭਾਰਤੀ ਪਬਲਿਕ ਸਕੂਲ ਦੇ 3 ਬੱਚਿਆਂ ਨੂੰ, ਗੁਰੂ ਨਾਨਕ ਪਬਲਿਕ ਸਕੂਲ ਦੇ 10 ਬੱਚਿਆਂ ਨੂੰ ਤੇ ਭਾਈ ਜਗਤਾ ਜੀ ਪਬਲਿਕ ਸਕੂਲ ਦੇ 5 ਬੱਚਿਆਂ ਨੂੰ ਪੰਜ-ਪੰਜ ਮੀਟਰ ਦੀਆਂ ਪੱਗਾਂ ਸਿਰ ਤੇ ਸਜਾਉਣ ਲਈ ਮੁਫ਼ਤ ਦਿੱਤੀਆਂ ਗਈਆਂ ਹਨ । ਪ੍ਰਬੰਧਕਾਂ ਵੱਲੋਂ ਪੱਗਾਂ ਦੀ ਸੇਵਾ ਆਪਣੇ ਵੱਲੋਂ ਕੱਢੇ ਦਸਵੰਧ ਰਾਹੀਂ ਜਾਂ ਟਿਕਾਣਾ ਸਾਹਿਬ ਦੇ ਸ਼ਰਧਾਲੂ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ । ਸੈਂਟਰ ਵਿਖੇ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦਾ ਸਮਾਂ ਰੋਜ਼ਾਨਾ ਰਾਤ ਨੂੰ 7-30 ਤੋਂ 8-30 ਵਜੇ ਤੱਕ ਹੈ ।

ਸਾਲ 2006 ਵਿੱਚ ਬ੍ਰਹਮ-ਗਿਆਨੀ ਭਾਈ ਜਗਤਾ ਜੀ ਸਾਹਿਬ ਦੇ 195ਵੇਂ ਯੱਗ-ਸਮਾਗਮ ਦੇ ਸ਼ੁੱਭ ਅਵਸਰ ਤੇ 12 ਜਨਵਰੀ ਨੂੰ ਭਾਈ ਘਨੱਈਆ ਦਸਤਾਰ ਸਿਖਲਾਈ ਸੈਂਟਰ ਵਿਖੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ । ਇਨ੍ਹਾਂ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਗਏ । ਇਨਾਮਾਂ ਦੀ ਵੰਡ ਸੈਂਟਰ ਦੇ ਸਰਪ੍ਰਸਤ ਸੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' ਨੇ ਆਪਣੇ ਮੁਬਾਰਕ ਹੱਥਾਂ ਨਾਲ ਕੀਤੀ । ਸਾਲ 2007 ਵਿੱਚ ਵੀ ਬ੍ਰਹਮ-ਗਿਆਨੀ ਭਾਈ ਜਗਤਾ ਜੀ ਸਾਹਿਬ 'ਸੇਵਾ ਪੰਥੀ' ਦੇ 195ਵੇਂ ਯੱਗ-ਭੰਡਾਰੇ ਦੇ ਸ਼ੁੱਭ ਮੌਕੇ ਤੇ 12 ਜਨਵਰੀ ਨੂੰ ਦਸਤਾਰ ਸਜਾਉਣ ਦੇ ਮੁਕਾਬਲੇ ਚਾਰ ਗਰੁੱਪਾਂ ਵਿੱਚ ਕਰਵਾਏ ਗਏ ।

ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸੋਨੇ, ਚਾਂਦੀ ਤੇ ਕਾਂਸੀ ਦੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ । ਇਨਾਮਾਂ ਦੀ ਵੰਡ ਸ੍ਰ: ਜਸਪਾਲ ਸਿੰਘ ਜੀ ਦਿੱਲੀ ਵਾਲਿਆਂ ਨੇ ਆਪਣੇ ਮੁਬਾਰਕ ਹੱਥਾਂ ਨਾਲ ਕੀਤੀ । ਪ੍ਰਬੰਧ ਤੇ ਪੇਸ਼ਕਾਰੀ ਦੇ ਫ਼ਰਜ਼ ਕਰਨੈਲ ਸਿੰਘ ਐਮ.ਏ. ਨੇ ਨਿਭਾਏ ।

ਇਹ ਸੈਂਟਰ ਟਿਕਾਣਾ ਸਾਹਿਬ ਵਿਖੇ ਮਹੰਤ ਭਾਈ ਗੁਲਾਬ ਸਿੰਘ ਦੀਵਾਨ ਹਾਲ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸੱਜੇ ਹੱਥ ਹੈ । ਸੈਂਟਰ ਵਿਖੇ ਕੋਈ ਵੀ ਵੀਰ ਬੱਚਿਆਂ ਨੂੰ ਸੁੰਦਰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੀ ਸੇਵਾ ਕਰ ਸਕਦਾ ਹੈ । ਇਸ ਸੈਂਟਰ ਦਾ ਉਦੇਸ਼ ਹੈ ਕਿ ਛੋਟੇ-ਛੋਟੇ ਬੱਚਿਆਂ ਨੂੰ ਕੇਸਾਂ ਤੇ ਦਸਤਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾ ਸਕੇ ਤੇ ਗੁਰਮਤਿ ਦੇ ਧਾਰਨੀ ਬਣਾਇਆ ਜਾ ਸਕੇ । ਜੇਕਰ ਕਿਸੇ ਸੱਜਣ-ਮਿੱਤਰ ਨੇ ਆਪਣੇ ਬੱਚੇ-ਬੱਚੀ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿਵਾਉਣੀ ਹੋਵੇ ਜਾਂ ਕੋਈ ਹੋਰ ਜਾਣਕਾਰੀ ਹਾਸਲ ਕਰਨੀ ਹੋਵੇ ਤਾਂ ਉਹ ਸੰਤ ਕਾਹਨ ਸਿੰਘ ਜ਼ੀ 'ਸੇਵਾ ਪੰਥੀ' ਨਾਲ ਮੋਬਾਇਲ 98140-04503 ਤੇ ਸੰਪਰਕ ਕਰ ਸਕਦਾ ਹੈ ।

ਕਰਨੈਲ ਸਿੰਘ ਐਮ.ਏ.
63-ਏ, ਗੁਰੂ ਤੇਗ ਬਹਾਦਰ ਨਗਰ,
ਗਲੀ ਨੰ : 1, ਚੰਡੀਗੜ੍ਹ ਰੋਡ,
ਜਮਾਲਪੁਰ ਲੁਧਿਆਣਾ ।

---

## ਭਾਈ ਘਨੱਈਆ ਚੈਰੀਟੇਬਲ ਹਸਪਤਾਲ

ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਵਿਖੇ

# ਦੰਦਾਂ ਅਤੇ ਅੱਖਾਂ ਦੇ ਹਫ਼ਤਾਵਾਰੀ ਕੈਂਪ

ਹਰ ਸੋਮਵਾਰ : ਡਾ: ਅਰਵਿੰਦਰ ਸਿੰਘ ਮਰਵਾਹ B.D.S. ਬਠਿੰਡਾ
(ਵਿੰਗੇ, ਟੇਡੇ ਦੰਦਾਂ ਦੇ ਮਾਹਿਰ)

ਹਰ ਬੁੱਧਵਾਰ : ਡਾ: ਮਨਤਾਰ ਸਿੰਘ ਫ਼ਰੀਦਕੋਟ ਵਾਲੇ, ਡਾ: ਨਵਦੀਪ ਸਿੰਘ ਲੱਕੀ
ਡਾ: ਗੁਰਿੰਦਰਮੋਹਨ ਸਿੰਘ ਫ਼ਰੀਦਕੋਟ (ਡੈਂਟਲ ਸਰਜਨ)
: ਡਾ: ਰਾਕੇਸ਼ ਸਿੰਗਲਾ B.D.S. ਬਠਿੰਡਾ ।

ਹਰ ਸ਼ਨੀਵਾਰ : ਡਾ: ਜਤਿੰਦਰ ਸਿੰਘ M.D.S. ਬਠਿੰਡਾ

ਹਰ ਐਤਵਾਰ : ਮਾਤਾ ਅਮਰ ਕੌਰ ਵਿਵੇਕ ਅੱਖਾਂ ਦਾ ਹਸਪਤਾਲ, ਚੈਨਾ ਰੋਡ ਜੈਤੋ
: ਡਾ: ਭੀਮ ਬਹਾਦੁਰ ਰਾਏ ਡੀ. ਓ. (ਗੋਲਡ ਮੈਡਲਿਸਟ),
ਡਾ: ਕਿਰਨ ਕੱਕੜ

ਗੁਰਮਤਿ ਦੇ ਨਜ਼ਰੀਏ ਵਿੱਚ

# ਹੋਲੀ ਅਤੇ ਹੋਲਾ-ਮਹੱਲਾ

-ਗਿ: ਰਵੀ ਸਿੰਘ ਮਿਸ਼ਨਰੀ

ਭਾਰਤ ਵਿੱਚ ਵਰਣ ਆਸ਼ਰਮ ਦੀ ਵੰਡ ਕਰਨ ਵਾਲਿਆਂ ਨੇ ਚਲਾਕੀ ਨਾਲ ਆਪਣੇ ਲਈ ਵਿਸਾਖੀ, ਖੱਤਰੀਆਂ ਲਈ ਵਿਜੈ ਲਕਸ਼ਮੀ (ਦੁਸਹਿਰਾ), ਵੈਸ਼ ਜਾਤੀ ਲਈ ਦੀਵਾਲੀ ਅਤੇ ਸੂਦਰਾਂ ਲਈ ਹੋਲੀ ਦਾ ਤਿਉਹਾਰ ਨੀਯਤ ਕੀਤਾ ਸੀ । ਇਸ ਦਿਨ ਕੂੜਾ ਆਦਿਕ ਬਾਹਰ ਕੱਢ ਕੇ ਸਾੜ ਦੇਣ ਦੀ ਵੀ ਪੁਰਾਣੀ ਰੀਤੀ ਚੱਲੀ ਆ ਰਹੀ ਹੈ । ਰਾਜਾ ਹਰਨਾਖ਼ਸ਼ ਨੇ ਤਪ ਕਰਕੇ ਇਹ ਵਰ ਰੱਬ ਕੋਲੋਂ ਪ੍ਰਾਪਤ ਕਰ ਲਿਆ ਕਿ ਮੈਂ ਨਾ ਅੰਦਰ ਮਰਾਂ, ਨਾ ਬਾਹਰ ਮਰਾਂ, ਨਾ ਰਾਤ ਨੂੰ ਮਰਾਂ, ਨਾ ਦਿਨ ਨੂੰ ਮਰਾਂ, ਨਾ ਕਿਸੇ ਮਨੁੱਖ ਕੋਲੋਂ ਮਰਾਂ ਆਦਿ ।

ਇਸ ਤਰ੍ਹਾਂ ਦਾ ਵਰ ਪ੍ਰਾਪਤ ਕਰਕੇ ਰਾਜਾ ਹਰਨਾਖ਼ਸ਼ ਬਹੁਤ ਹੀ ਹੰਕਾਰੀ ਹੋ ਗਿਆ । ਮਰਨ ਦਾ ਡਰ ਤਾਂ ਜਾਂਦਾ ਰਿਹਾ । ਇਸ ਲਈ ਲੋਕਾਂ ਨੂੰ ਪ੍ਰਭੂ ਦੇ ਨਾਮ ਤੋਂ ਹਟਾ ਕੇ ਆਪਣਾ ਨਾਮ ਜਪਾਉਣ ਲੱਗ ਪਿਆ । ਰੱਬ ਦੀ ਰਜ਼ਾ, ਹਰਨਾਖ਼ਸ਼ ਦੇ ਘਰ ਹੀ ਪ੍ਰਹਿਲਾਦ ਅਜਿਹਾ ਭਗਤ ਪੈਦਾ ਹੋ ਗਿਆ ਜੋ ਆਪਣੇ ਪਿਤਾ ਦੀ ਅਰਾਧਨਾ ਕਰਨ ਦੀ ਥਾਂ ਇੱਕ ਅਕਾਲ ਪੁਰਖ ਦਾ ਸਿਮਰਨ ਕਰਨ ਲੱਗਾ ।

ਪ੍ਰਹਿਲਾਦ ਨੂੰ ਪੜ੍ਹਾਉਣ ਲਈ ਦੋ ਅਧਿਆਪਕ ਲਾਏ ਗਏ । ਉਹਨਾਂ ਦਾ ਇੱਕ ਦਾ ਨਾਮ ਸੰਡਾ ਅਤੇ ਦੂਜੇ ਦਾ ਮਰਕ (ਅਮਰਕ) ਸੀ । ਅਧਿਆਪਕਾਂ ਨੇ ਕਿਹਾ ਕਿ ਤੂੰ ਰੱਬ ਦੇ ਨਾਂ ਦੀ ਬਜਾਏ ਆਪਣੇ ਪਿਤਾ ਦਾ ਨਾਮ ਜੱਪ ਕਿਉਂਕਿ ਸਾਰੀ ਪ੍ਰਜਾ ਤੇਰੇ ਹੀ ਪਿਤਾ ਦਾ ਨਾਮ ਜਪਦੀ ਹੈ ਪਰ ਪ੍ਰਹਿਲਾਦ ਦ੍ਰਿੜ ਵਿਸ਼ਵਾਸੀ ਸੀ, ਨਾ ਮੰਨਿਆ । ਦੋਹਾਂ ਅਧਿਆਪਕਾਂ ਨੇ ਪ੍ਰਹਿਲਾਦ ਦੀ ਉਸ ਦੇ ਪਿਤਾ ਕੋਲ ਸ਼ਿਕਾਇਤ ਕਰ ਦਿੱਤੀ । ਗੁਰਬਾਣੀ ਵਿੱਚ ਭਗਤ ਨਾਮਦੇਵ ਜੀ ਨੇ ਕਥਨ ਕੀਤਾ ਹੈ—

**ਸੰਡਾ ਮਰਕਾ ਜਾਇ ਪੁਕਾਰੇ ॥**
**ਪੜੈ ਨਹੀ ਹਮ ਹੀ ਪਚਿ ਹਾਰੇ ॥**
**ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥ ੧॥ ੩॥ ੯॥**

(ਭੈਰਉ ਨਾਮਦੇਉ ਜੀਉ ਘਰੁ ੨, ਅੰਗ ੧੧੬੫)

ਭਾਵ ਦੋਨੋਂ ਅਧਿਆਪਕਾਂ ਨੇ ਜਾ ਕੇ ਆਖਿਆ ਕਿ ਅਸੀਂ ਤਾਂ ਖੱਪ ਗਏ ਹਾਂ । ਇਹ ਸਾਡਾ ਕਹਿਣਾ ਨਹੀਂ ਮੰਨਦਾ ਸਗੋਂ ਉਲਟ, ਹੱਥਾਂ ਨਾਲ ਤਾਲ ਵਜਾ ਕੇ ਰਾਮ (ਜੋ ਸਭ ਥਾਂ ਰਮਿਆ ਹੋਇਆ ਹੈ) ਦਾ ਨਾਮ ਗਾਉਂਦਾ ਹੈ ਉਸ ਦੀ ਦੇਖਾ-ਦੇਖੀ ਦੂਜੇ ਵਿਦਿਆਰਥੀ ਵੀ (ਹਰਨਾਖ਼ਸ਼ ਦਾ ਨਾਂ ਜਪਣ ਦੀ ਥਾਂ) ਰਾਮ ਦਾ ਨਾਮ ਹੀ ਜਪਦੇ ਹਨ ਇਸ ਤਰ੍ਹਾਂ ਪ੍ਰਹਿਲਾਦ ਨੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਵਿਗਾੜ ਦਿੱਤਾ ਹੈ ।

ਪ੍ਰਹਿਲਾਦ ਦੀ ਮਾਤਾ ਤੇ ਅਹਿਲਕਾਰਾਂ ਨੇ ਪ੍ਰਹਿਲਾਦ ਨੂੰ ਬੜਾ ਸਮਝਾਇਆ ਕਿ ਤੇਰੇ ਪਿਤਾ ਹਰਨਾਖ਼ਸ਼ ਨੇ ਸਾਰੀ ਧਰਤੀ ਆਪਣੇ ਵੱਸ ਕੀਤੀ ਹੋਈ ਹੈ ਜਿਸ ਕਰਕੇ ਉਸ ਦਾ ਕੋਈ ਹੁਕਮ ਨਹੀਂ ਮੋੜ ਸਕਦਾ । ਇਸ ਲਈ ਤੂੰ ਵੀ ਉਸ ਦੀ ਅਰਾਧਨਾ ਕਰ । ਗੁਰਬਾਣੀ ਵਿੱਚ ਵੀ ਫ਼ਰਮਾਨ ਹੈ :-

**ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥**
**ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥੨॥**

(ਭੈਰਉ ਨਾਮਦੇਉ ਜੀਉ ਘਰੁ ੨, ਅੰਗ ੧੧੬੫)

ਜਦ ਪ੍ਰਹਿਲਾਦ ਨੇ ਆਪਣੀ ਮਾਤਾ ਅਤੇ ਹੋਰ ਅਹਿਲਕਾਰਾਂ ਦਾ ਕਹਿਣਾ ਨਹੀਂ ਮੰਨਿਆ ਤਾਂ ਦੁਸ਼ਟਾਂ ਨੇ (ਹਰਨਾਖ਼ਸ਼ ਤੇ ਉਸ ਦੇ ਜੀ ਹਜ਼ੂਰੀਏ) ਪ੍ਰਹਿਲਾਦ ਨੂੰ ਪਹਾੜ ਤੋਂ ਡੇਗਿਆ, ਪਾਣੀ ਵਿੱਚ ਡੋਬਣ ਅਤੇ ਅੱਗ ਵਿੱਚ ਸਾੜਨ ਦਾ ਯਤਨ ਕੀਤਾ ਪਰ ਪ੍ਰਭੂ ਨੇ ਮਾਇਆ ਦਾ ਸੁਭਾਅ ਹੀ ਬਦਲ ਦਿੱਤਾ । ਗੁਰਬਾਣੀ ਵਿੱਚ ਇਸ ਤਰ੍ਹਾਂ ਲਿਖਿਆ ਹੈ -

**ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥**
**ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥੩॥੯॥**

(ਭੈਰਉ ਨਾਮਦੇਉ ਜੀਉ ਘਰੁ ੨, ਅੰਗ ੧੧੬੫)

ਹੋਲਕਾ-ਹਰਣਾਖ਼ਸ਼ ਦੀ ਭੈਣ ਹੋਲਕਾ ਨੇ ਵੀ ਕਹਿੰਦੇ ਨੇ ਤਪ ਕਰਕੇ ਸ਼ਿਵਜੀ ਤੋਂ ਅੱਗ ਵਿੱਚ ਨਾਂ ਸੜਨ ਦਾ ਵਰ ਲਿਆ ਹੋਇਆ ਸੀ । ਉਹ ਰਾਜੇ ਦੇ ਕਹਿਣ ਤੇ ਆਪਣੇ ਭਤੀਜੇ ਪ੍ਰਹਿਲਾਦ ਨੂੰ ਲੈ ਕੇ ਅੱਗ ਵਿੱਚ ਬੈਠ ਗਈ ਤਾਂ ਕਿ ਪ੍ਰਹਿਲਾਦ ਅੱਗ ਵਿੱਚ ਸੜ ਜਾਵੇ । ਪਰ

**ਜਿਸ ਦਾ ਸਾਹਿਬੁ ਡਾਢਾ ਹੋਇ ॥**
**ਤਿਸ ਨੋ ਮਾਰਿ ਨ ਸਾਕੈ ਕੋਇ ॥੪॥ ੨॥**

(ਬਿਲਾਵਲੁ ਮਹਲਾ ੩, ਅੰਗ ੮੪੨)

ਰੱਬ ਦੀ ਕੁਦਰਤ ਵੇਖੋ । ਇੱਕ ਅਕਾਲ ਪੁਰਖ ਦੀ ਭਗਤੀ ਕਰਨ ਵਾਲਾ ਪ੍ਰਹਿਲਾਦ ਤਾਂ ਬਚ ਗਿਆ ਪਰ ਸ਼ਿਵ ਦੇਵਤੇ ਦੀ ਭਗਤੀ ਕਰਨ ਵਾਲੀ ਹੋਲਕਾ ਸੜ ਗਈ । ਹਰਨਾਖ਼ਸ਼ ਹਾਲੇ ਵੀ ਨਹੀਂ ਸਮਝਿਆ ਕਿਉਂਕਿ ਉਸ ਨੂੰ ਇੰਨਾ ਹੀ ਗਿਆਨ ਹੈ ਕਿ ਮੈਂ ਕਿਹੜਾ ਮਰਨਾ ਹੈ । ਮੌਤ ਨੂੰ ਭੁਲਾਉਣ ਵਾਲਾ ਪ੍ਰਭੂ ਨੂੰ ਵੀ ਭੁਲਾ ਦਿੰਦਾ ਹੈ । ਪ੍ਰਹਿਲਾਦ ਨੂੰ ਤੱਤੇ ਥੰਮ ਨਾਲ ਬੰਨ੍ਹ ਕੇ ਤਲਵਾਰ ਨਾਲ ਡਰਾ ਕੇ ਇੱਕ ਵਾਰੀ ਫਿਰ ਅਜ਼ਮਾਇਸ਼ ਕਰਨ ਲੱਗਾ । ਗੁਰਬਾਣੀ ਵਿੱਚ ਕਬੀਰ ਜੀ ਦਾ ਫ਼ਰਮਾਨ ਹੈ—

**ਕਾਢਿ ਖੜਗੁ ਕੋਪਿਓ ਰਿਸਾਇ ॥**
**ਤੁਝ ਰਾਖਨਹਾਰੋ ਮੋਹਿ ਬਤਾਇ ॥ ੪ ॥ ੪ ॥**

(ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧, ਅੰਗ ੧੧੯੪)

ਸੰਤ ਨਾਮਦੇਵ ਜੀ ਅਨੁਸਾਰ—

**ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥੪॥੩॥੯॥**

(ਭੈਰਉ ਨਾਮਦੇਉ ਜੀਉ ਘਰੁ ੨, ਅੰਗ ੧੧੬੪)

ਉਹ ਪ੍ਰਭੂ ਜਿਸ ਨੇ ਮਾਇਆ ਦਾ ਸੁਭਾਅ ਹੀ ਬਦਲ ਦਿੱਤਾ ਸੀ । ਜਿਸ ਦੇ ਸਿਮਰਨ ਨਾਲ ਪਾਣੀ ਨੇ ਆਪਣਾ ਡੋਬਣ ਦਾ ਕੰਮ ਛੱਡ ਦਿੱਤਾ ਸੀ ਤੇ ਅੱਗ ਨੇ ਆਪਣਾ ਸਾੜਨ ਦਾ ਸੁਭਾਅ ਤਿਆਗ ਦਿੱਤਾ ਸੀ ਉਹ ਪ੍ਰਭੂ ਥੰਮ ਤੋਂ ''ਨਰ ਸਿੰਘ'' ਰੂਪ ਧਾਰ ਕੇ ਨਿਕਲਿਆ ਤੇ ਆਪਣੇ ਨਹੁੰਆਂ ਨਾਲ ਚੀਰ ਦਿੱਤਾ ਉਸ ਹਰਨਾਖ਼ਸ਼ ਨੂੰ । ਗੁਰਬਾਣੀ ਵਿੱਚ ਫ਼ਰਮਾਨ ਹੈ-

**ਹਰਨਾਖਸੁ ਛੇਦਿਓ ਨਖ ਬਿਦਾਰ ॥੪॥੪॥**

(ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧, ਅੰਗ ੧੧੯੪)

ਜਦੋਂ ਹਰਨਾਖ਼ਸ਼ ਦੀ ਮੌਤ ਹੋਈ, ਨਾ ਉਹ ਅੰਦਰ ਸੀ ਨਾ ਹੀ ਬਾਹਰ ਸੀ। ਦਰਵਾਜ਼ੇ ਦੇ ਅੱਧ ਵਿਚਕਾਰ ਸੀ । ਨਾ ਰਾਤ ਸੀ ਨਾ ਦਿਨ ਸੀ ਸੂਰਜ ਅੱਧ ਵਿਚਕਾਰ ਸੀ । ਨਾ ਹੀ ਕਿਸੇ ਮਨੁੱਖ ਨੇ ਮਾਰਿਆ, ਪ੍ਰਭੂ ਨੇ ਵਰ ਵੀ ਪੂਰਾ ਕੀਤਾ ਤੇ ਆਪਣੇ ਸ਼ਰੀਕ ਦਾ ਵੀ ਸੰਘਾਰ ਕੀਤਾ ।

ਹਰਨਾਖ਼ਸ਼ ਬੜਾ ਬਲ ਵਾਲਾ ਤੇ ਸਖ਼ਤ ਰਾਜਾ ਸੀ ਜੋ ਕਿ ਬਦੀ ਦਾ ਚਿੰਨ੍ਹ ਸੀ ਜਿਸ ਦੇ ਮੁਕਾਬਲੇ ਪ੍ਰਹਿਲਾਦ ਭਾਵੇਂ ਕਿਤਨਾ ਕੋਮਲ ਤੇ ਨਿਮਾਣਾ ਸੀ ਪਰ ਹੈ ਸੀ ਸੱਚਾ । ਸੱਚਾ ਸਦਾ ਜਿੱਤਦਾ ਹੈ । ਸੱਚ ਨੂੰ ਕੋਈ ਸਾੜ ਨਹੀਂ ਸਕਦਾ, ਡੋਬ ਨਹੀਂ ਸਕਦਾ ਤੇ ਨਾ ਹੀ ਖ਼ਤਮ ਕਰ ਸਕਦਾ ਹੈ । ਸੱਚ ਅਮੀਰਾਂ ਤੋਂ ਰਾਜਿਆਂ ਤੋਂ ਵਰਗਲਾਇਆ ਵੀ ਨਹੀਂ ਜਾ ਸਕਦਾ । ਸੱਚ, ਮਾਂ-ਪਿਓ, ਭੈਣ ਭਰਾ ਅਤੇ ਹੋਰ ਸਾਕ ਸੰਬੰਧੀਆਂ ਤੋਂ ਉੱਪਰ ਹੁੰਦਾ ਹੈ ।

ਸਿੱਖਿਆ-ਮਨੁੱਖ ਨੂੰ ਕੇਵਲ ਭਰੋਸਾ ਹੋਣਾ ਚਾਹੀਦਾ ਹੈ ਕਿ ਜਗਤ ਦਾ ਮਾਲਕ, ਹਰਨਾਖ਼ਸ਼ ਵਰਗੇ ਰਾਜਿਆਂ ਨੂੰ (ਜਿਹਨਾਂ ਤੋਂ ਮੌਤ ਰੂਪੀ ਡਰ ਵੀ ਹੁੰਦਾ ਹੈ ) ਨਹੁੰਆਂ ਨਾਲ ਹੀ ਖ਼ਤਮ ਕਰ ਸਕਦਾ ਹੈ ।

ਇਹ ਸੀ ਸਿੱਖਿਆ ਜੋ ਸਦੀਆਂ ਤੋਂ ਲਿਤਾੜੇ ਆ ਰਹੇ ਸਮਾਜ ਨੇ ਹੋਲੀ ਦੇ ਤਿਉਹਾਰ ਤੋਂ ਲੈਣੀ ਸੀ ।

ਪਰ ਚਲਾਕ ਲੋਕਾਂ (ਅਖੌਤੀ ਧਾਰਮਿਕ ਆਗੂਆਂ) ਨੇ ਸਮਝ ਲਿਆ ਸੀ ਕਿ ਹੋਲੀ ਦੀ ਡੂੰਘੀ ਸਿੱਖਿਆ ਜੇ ਸ਼ੂਦਰਾਂ ਨੇ ਸਮਝ ਲਈ ਤਾਂ ਬ੍ਰਾਹਮਣਾਂ ਦੀ ਮਾਨਤਾ ਖ਼ਤਮ ਹੋ ਜਾਵੇਗੀ ।

ਸੋ ਚਲਾਕੀ ਨਾਲ ਇਨ੍ਹਾਂ ਨੇ ਹੋਲੀ ਵਾਲੇ ਦਿਨ, ਇੱਕ ਦੂਜੇ ਉੱਤੇ ਗੰਦ ਸੁੱਟਣਾ, ਮੰਦਾ ਬੋਲਣਾ (ਅਸੱਭਿਆ ਬੋਲਣਾ) ਖਰੂਦ ਮਚਾਉਣਾ, ਰੰਗ ਰਲੀਆਂ ਮਨਾਉਣੀਆਂ ਤੇ ਸ਼ਰਾਬਾਂ ਪੀਣ ਵਿੱਚ ਉਲਝਾ ਦਿੱਤਾ ।

ਨਤੀਜਾ ਇਹ ਨਿਕਲਿਆ ਕਿ ਜਿਨ੍ਹਾਂ ਲੋਕਾਂ ਨੇ ਪ੍ਰਹਿਲਾਦ ਕੋਲੋਂ ਸੱਚ ਦਾ ਝੰਡਾ ਝੁਲਾਉਣ ਦੀ ਪ੍ਰੇਰਣਾ ਲੈ ਕੇ ਹਰਨਾਖ਼ਸ਼ ਰੂਪੀ ਬਦੀ ਵਿਰੁੱਧ ਮੋਰਚਾ ਲਾਉਣਾ ਸੀ ਉਹ ਇਸ ਤਿਉਹਾਰ ਨੂੰ ਫੋਕੇ ਰੰਗਾਂ ਤਮਾਸ਼ਿਆਂ ਦਾ ਤਿਉਹਾਰ ਮਨਾਉਣ ਜੋਗੇ ਹੀ ਰਹਿ ਗਏ ।

ਚਾਹੀਦਾ ਤਾਂ ਇਹ ਸੀ ਕਿ ਇਸ ਦਿਨ ਇੱਕ ਅਕਾਲ ਪੁਰਖ ਦੀ ਭਗਤੀ ਕਰਨ ਦੀ ਸਿੱਖਿਆ ਲਈ ਜਾਂਦੀ ਅਤੇ ਭਗਤ ਪ੍ਰਹਿਲਾਦ ਦਾ ਸਿਦਕ ਤੇ ਪਹਿਰਾ ਦੇਣਾ ਤੇ ਸੱਚ ਦੀ ਜਿੱਤ ਹੋਣੀ ਦਾ ਸਬਕ ਲਿਆ ਜਾਂਦਾ ਪਰ ਹੋਇਆ ਇਸ ਦੇ ਉਲਟ ।

**ਹੋਲੀ ਅਤੇ ਹੋਲਾ-ਮਹੱਲਾ:** ਲੋਕਾਂ ਨੇ ਇੱਕ ਅਕਾਲ ਪੁਰਖ ਅਤੇ ਨਾਮ ਦੇ ਰੰਗ ਦੀ ਥਾਂ ਜਦੋਂ ਗੰਦ ਇੱਕ ਦੂਜੇ ਉੱਤੇ ਸੁੱਟਣਾ ਅਤੇ ਮੰਦਾ ਬੋਲਣ ਨੂੰ ਹੀ ਹੋਲੀ ਸਮਝ ਲਿਆ ਤਾਂ ਗੁਰੂ ਅਰਜਨ ਸਾਹਿਬ ਜੀ ਨੇ ਹੋਲੀ ਕੀ ਹੈ ? ਇਸ ਬਾਰੇ ਸਮਝਾਇਆ-

**ਹੋਲੀ ਕੀਨੀ ਸੰਤ ਸੇਵ ॥**
**ਰੰਗੁ ਲਾਗਾ ਅਤਿ ਲਾਲ ਦੇਵ ॥ ੨ ॥ ੧ ॥**

(ਬਸੰਤੁ ਮਹਲਾ ੫ ਘਰੁ ੧ ਦੁਤੁਕੇ, ਅੰਗ ੧੧੮੦)

ਭਾਵ ਸੰਤਾਂ ਦੀ ਸੇਵਾ ਮੈਂ ਹੋਲੀ ਖੇਡਣਾ ਬਣਾਇਆ ਹੈ ਅਤੇ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪ੍ਰਭੂ ਦੇ ਪ੍ਰੇਮ ਦਾ ਗੂੜਾ ਆਤਮਿਕ ਅਨੰਦ ਵਾਲਾ ਰੰਗ ਚੜ੍ਹ ਗਿਆ ਹੈ । ਇਸੇ ਤਰ੍ਹਾਂ ਹੋਲੀ ਨੂੰ ਅਧਿਆਤਮਿਕ ਦ੍ਰਿਸ਼ਟੀ ਤੋਂ ਜਾਂ ਸਤਿਸੰਗਤ ਦੀ ਸੇਵਾ ਦੀ ਭਾਵਨਾ ਨਾਲ ਖੇਡਣ ਦੀ ਸਿੱਖਿਆ ਗੁਰੂ ਅਰਜਨ ਸਾਹਿਬ ਜੀ ਨੇ ਇਸ ਤਰ੍ਹਾਂ ਦਿੱਤੀ ਹੈ-

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਰਹਿੰਦੇ ਖੂੰਹਦੇ ਸਭ ਭਰਮ, ਵਹਿਮ ਜਿੱਥੇ ਦੂਰ ਕੀਤੇ ਉਥੇ ਅਸਾਡੇ ਵਿੱਚੋਂ ਗ਼ਲਤ ਰਸਮੋਂ-ਰਿਵਾਜਾਂ ਨੂੰ ਦੂਰ ਕਰਦਿਆਂ ਤਿਉਹਾਰ ਦਾ ਦਿਨ ਗੁਰਪੁਰਬਾਂ ਦੇ ਰੂਪ ਵਿੱਚ ਮਨਾਉਣ ਦਾ ਸਾਨੂੰ ਢੰਗ ਦੱਸਿਆ । ਸੋ ਸਾਨੂੰ ਹੋਲੀ ਦੀ ਥਾਂ ਹੋਲਾ-ਮਹੱਲਾ ਮਨਾਉਣ ਲਈ ਉਤਸ਼ਾਹਿਤ ਕੀਤਾ ।

ਹੋਲਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਹਮਲਾ' ਮਹੱਲਾ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਹਮਲੇ ਵਾਲੀ ਥਾਂ' ਇਸ ਤਰ੍ਹਾਂ ਹੋਲੇ -ਮਹੱਲੇ ਦਾ ਅਰਥ ਹੋਇਆ 'ਹਮਲਾ ਅਤੇ ਹਮਲੇ ਵਾਲੀ ਥਾਂ'।

ਇੱਕ ਦੂਜੇ ਦੇ ਮਗਰ ਦੌੜ ਕੇ ਜਾਂ ਲੁੱਕ ਛਿਪ ਕੇ ਜਬਰਦਸਤੀ ਰੰਗ ਤੇ ਗੋਹੇ ਗੰਦਗੀ ਨੂੰ ਸੁੱਟਣ ਦੀ ਥਾਂ ਘੋੜ-ਦੌੜਾਂ ਦੇ ਮੁਕਾਬਲੇ ਨੇ ਲੈ ਲਈ । 'ਹੋਲੀ ਕੀਨੀ ਸੰਤ ਸੇਵ ॥' ਨਾਲ ਆਤਮਾ ਅਤੇ ਘੋੜ-ਦੌੜ, ਨੇਜ਼ੇਬਾਜ਼ੀਆਂ ਨਾਲ ਸਰੀਰ ਬਲਵਾਨ ਹੋਣ ਲੱਗ ਪਿਆ ।

ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਹੋਲਗੜ੍ਹ ਇਸ ਦਿਨ ਦੀ ਯਾਦ ਹੁਣ ਵੀ ਦਿਵਾਉਂਦਾ ਹੈ । ਕਿਉਂਕਿ ਇਸ ਥਾਂ ਤੋਂ ਪਹਿਲੀ ਵਾਰ 1680 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਦਾ ਪਹਿਲਾ ਹੋਲਾ-ਮਹੱਲਾ ਕੱਢਿਆ ਸੀ । ਇਹ ਖ਼ਿਆਲ ਰੱਖਣ ਵਾਲੀ ਗੱਲ ਹੈ ਕਿ ਉਸ ਸਮੇਂ ਹਰ ਭਾਰਤੀ ਸ਼ਸਤਰ ਨਹੀਂ ਸੀ ਪਹਿਨ ਸਕਦਾ ਤੇ ਨਾ ਹੀ ਘੋੜ-ਸਵਾਰੀ ਤੇ ਨਾਂ ਹੀ ਸਿਰ ਤੇ ਪਗੜੀ ਸਜਾ ਸਕਦਾ ਸੀ । ਪਰ ਦਸਮੇਸ਼ ਜੀ ਨੇ ਅਜਿਹੇ ਸਮੇਂ ਹੁਕਮ ਕੀਤਾ ਮੇਰਾ ਹਰ ਇੱਕ ਸਿੱਖ ਸ਼ਸਤਰਧਾਰੀ ਹੋਵੇ । ਘੋੜ-ਸਵਾਰੀ ਕਰੇ ਤੇ ਆਨੰਦਪੁਰ ਸਾਹਿਬ ਵਿੱਚ ਸ਼ਸਤਰ ਅਭਿਆਸ ਹੋਣ ਲੱਗ ਪਏ । ਮਹੱਲਾ, ਕਿਲ੍ਹਾ ਹੋਲਗੜ੍ਹ ਤੋਂ ਸ਼ੁਰੂ ਹੋ ਕੇ ਕਿਲ੍ਹਾ ਫਤਿਹਗੜ੍ਹ ਸਾਹਿਬ ਤੱਕ ਜਾ ਕੇ ਸਮਾਪਤੀ ਕੀਤੀ ਜਾਂਦੀ ਹੈ । ਗੁਰੂ ਸਾਹਿਬ ਵੀ ਹੋਲੇ ਵਾਲੇ ਦਿਨ ਆਪਣੀ ਫ਼ੌਜ ਵਿੱਚੋਂ ਦੋ ਵੱਖ ਮੁਖੀ ਸਰਦਾਰਾਂ ਦੀ ਕਮਾਨ ਹੇਠ ਦੋ ਜੱਥੇ ਨੀਅਤ ਕਰਕੇ ਅਭਿਆਸੀ ਲੜਾਈ ਕਰਵਾਉਂਦੇ ਸਨ । ਇੱਕ ਜਥਾ ਨੀਯਤ ਕੀਤੀ ਥਾਂ ਉੱਤੇ ਹਮਲਾ ਕਰਦਾ, ਦੂਜਾ ਜਥਾ ਜਿੱਤਦਾ । ਦਸਮੇਸ਼ ਜੀ ਆਪ ਉਨ੍ਹਾਂ ਨੂੰ ਇਨਾਮ ਦਿੰਦੇ ਸਨ । ਪਰ ਅੱਜ-ਕੱਲ ਸ਼ਸਤਰਧਾਰੀ ਭੰਗ ਦੇ ਨਸ਼ੇ ਵਿੱਚ ਮਸਤ ਹੋ ਕੇ ਇੱਕ ਦੂਜੇ ਤੇ ਰੰਗ ਸਿੱਟਦੇ ਹੁਣ ਵੀ ਦੇਖੇ ਜਾ ਸਕਦੇ ਹਨ । ਲੋੜ ਹੈ ਇਸ ਖ਼ਾਲਸੇ ਦੇ ਤਿਉਹਾਰ ਤੋਂ ਖ਼ਾਲਸੇ ਨੂੰ ਸਿੱਖਿਆ ਲੈਣ ਦੀ ।

ਸ੍ਰੀ ਆਨੰਦਪੁਰ ਸਾਹਿਬ ਵਿੱਚ ਖ਼ਾਲਸੇ ਦੇ ਦੋ ਤਿਉਹਾਰ ਮਨਾਏ ਜਾਂਦੇ ਹਨ ਇਕ ਵਿਸਾਖੀ ਖ਼ਾਲਸੇ ਦਾ ਜਨਮ-ਦਿਨ ਅਤੇ ਦੂਜਾ ਹੋਲਾ-ਮਹੱਲਾ । ਭਾਵੇਂ ਪਹਿਲੇ ਤਿਉਹਾਰ ਤੋਂ ਭਾਵ ਹੈ ਕਿ ਅੰਮ੍ਰਿਤਧਾਰੀ ਹੋ ਕੇ ਸਿੱਖ ਪੰਥ ਵਿੱਚ ਸ਼ਾਮਲ ਹੋ ਕੇ ਸ਼ਸਤਰਧਾਰੀ ਹੋਣਾ ਅਤੇ ਦੂਜਾ ਤਿਉਹਾਰ ਹੋਲੇ-ਮਹੱਲੇ ਤੋਂ ਭਾਵ ਹੈ ਕਿ ਸ਼ਸਤਰ ਅਭਿਆਸੀ ਹੋਣਾ ਨਾ ਕਿ ਇਸ ਪਾਵਨ ਧਰਤੀ ਤੇ ਆ ਕੇ ਇੱਕ ਦੂਜੇ ਤੇ ਰੰਗ ਸਿੱਟਣਾ ਹੈ ।

ਅੰਤ ਵਿੱਚ ਇਸ ਤਿਉਹਾਰ ਤੋਂ ਸਿੱਖਿਆ ਇਸ ਤਰ੍ਹਾਂ ਮਿਲਦੀ ਹੈ । ਅਸੀਂ ਇੱਕ ਅਕਾਲ ਪੁਰਖ ਦੀ ਉਪਾਸ਼ਨਾ ਕਰਨੀ ਹੈ । ਇੱਕ ਨੂੰ ਛੱਡ ਕੇ ਕਿਸੇ ਮਨੁੱਖ ਰਾਜੇ, ਦੇਵੀ ਦੇਵਤੇ ਨੂੰ ਰੱਬ ਨਹੀਂ ਮੰਨਣਾ ਚਾਹੇ ਉਹ ਪਿਤਾ ਵੀ ਕਿਉਂ ਨਾ ਹੋਵੇ । ਸਹੀ ਅਰਥਾਂ ਵਿੱਚ ਹੋਲੀ ਮਨਾਉਣੀ ਸਤਿਸੰਗਤ ਕਰਨੀ ਹੈ । ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ:

**ਆਜੁ ਹਮਾਰੈ ਬਨੇ ਫਾਗ ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ ॥**

(ਬਸੰਤੁ ਮਹਲਾ ੫ ਘਰੁ ੧ ਦੁਤੁਕੇ, ਅੰਗ ੧੧੮੦)

ਇਸ ਤਰ੍ਹਾਂ ਆਤਮਾ ਬਲਵਾਨ ਹੁੰਦੀ ਹੈ ਅਤੇ ਸ਼ਸਤਰ ਅਭਿਆਸੀ ਹੋਣ ਦੇ ਨਾਲ ਸਰੀਰ ਬਲਵਾਨ ਹੁੰਦਾ ਹੈ। ਆਓ ਅੱਜ ਹੋਲੇ-ਮਹੱਲੇ ਦੇ ਤਿਉਹਾਰ ਤੋਂ ਸਿੱਖਿਆ ਲੈ ਕੇ ਜੀਵਨ ਚੜ੍ਹਦੀ ਕਲਾ ਵਿੱਚ ਲੈ ਜਾਣ ਦੀ ਕੋਸ਼ਿਸ਼ ਕਰੀਏ ।

★ ★ ★ ★ ★ ★

# ਗੁਰਸਿੱਖੀ ਅਤੇ ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ

-ਪ੍ਰੋ: ਬਲਵਿੰਦਰ ਪਾਲ ਸਿੰਘ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਅਤੇ ਪਿੱਛੋਂ ਸਿੱਖ ਪੰਥ ਵਿੱਚ ਅਨੇਕਾਂ ਸਿੱਖ ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਨੇ ਸਿੱਖ ਧਰਮ ਨੂੰ ਪ੍ਰਗਤੀ ਦੇ ਮਾਰਗ ਵੱਲ ਤੋਰਿਆ । ਸਿੱਖ ਧਰਮ ਦੀ ਆਧਾਰਸ਼ਿਲਾ ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਹਨ । ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਸਿਰਫ਼ ਸਰੀਰ ਹੀ ਨਹੀਂ ਸਨ, ਸਗੋਂ ਜੋਤਿ ਤੇ ਉਪਦੇਸ਼ ਦਾ ਵੀ ਪ੍ਰਗਟਾਵਾ ਸਨ । ਇਹੀ ਕਾਰਨ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਜੋਤਿ ਤੇ ਗੁਰੂ ਉਪਦੇਸ਼ ਨੂੰ ਪ੍ਰਗਟ ਕਰਦੀ ਹੈ । ਜੋ ਮਨੁੱਖ ਗੁਰੂ ਜੋਤਿ ਅਤੇ ਗੁਰੂ ਉਪਦੇਸ਼ਾਂ ਅਨੁਸਾਰ ਅਮਲੀ ਜੀਵਨ ਬਤੀਤ ਕਰਦਾ ਹੈ, ਉਸ ਨੂੰ ਗੁਰਸਿੱਖ ਦੀ ਸੰਗਿਆ ਪ੍ਰਦਾਨ ਕੀਤੀ ਜਾਂਦੀ ਹੈ । ਸੁਖਮਨੀ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਗੁਰੂ ਦਾ ਪੱਖ ਪੇਸ਼ ਕਰਦਿਆਂ ਫ਼ਰਮਾਇਆ ਹੈ ਕਿ ਉਹ ਗੁਰਸਿੱਖ ਨੂੰ ਕਿਵੇਂ ਪਿਆਰ ਕਰਦਾ ਹੈ:

**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ ੧ ॥ ੧੮ ॥**

(ਗਉੜੀ ਸੁਖਮਨੀ ਮ: ੫, ਅੰਗ ੨੮੬)

ਗੁਰੂ ਦੀਆਂ ਖ਼ੁਸ਼ੀਆਂ ਅਤੇ ਗੁਰੂ ਦੀਆਂ ਮਿਹਰਾਂ ਦਾ ਸੁਪਾਤਰ ਬਣਨਾ ਅਤੇ ਬਣੇ ਰਹਿਣਾ ਹਰ ਸਿੱਖ ਦੇ ਹਿਰਦੇ ਦੀ ਉਮੰਗ ਅਤੇ ਤਰੰਗ ਹੁੰਦੀ ਹੈ। ਸ੍ਰੀ ਮੁਖਵਾਕ ਹੈ:

**ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥ ੪ ॥ ੩ ॥ ੪੧ ॥**

(ਗਉੜੀ ਗੁਆਰੇਰੀ ਮਹਲਾ ੪, ਅੰਗ ੧੬੪)

ਭਾਈ ਗੁਰਦਾਸ ਜੀ ਨੇ ਆਪਣੀ ਵੀਹਵੀਂ ਵਾਰ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਕੁੱਝ ਸਮਾਂ ਪਹਿਲਾਂ ਤੱਕ ਦੇ ਅਨੇਕ ਸਿੱਖਾਂ ਦਾ ਉਲੇਖ ਕੀਤਾ ਹੈ, ਪਰ ਗੁਰੂ ਸ਼ਖ਼ਸੀਅਤਾਂ ਨੂੰ ਗੁਰਸਿੱਖ ਪਦ ਪ੍ਰਦਾਨ ਕੀਤਾ ਹੈ:

**ਸਤਿਗੁਰ ਨਾਨਕ ਦੇਉ ਆਪੁ ਉਪਾਇਆ ।**
**ਗੁਰ ਅੰਗਦੁ ਗੁਰਸਿਖੁ ਬਬਾਣੇ ਆਇਆ ।**
**ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ ।**
**ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ ।**
**ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ ।**
**ਗੁਰਸਿਖੁ ਹਰਿ ਗੋਵਿੰਦੁ ਨ ਲੁਕੈ ਲੁਕਾਇਆ ।**

(ਵਾਰ ੨੦, ਪਉੜੀ ੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਮਾਜਿਕ ਕਿਰਿਆ ਵਿੱਚ ਗੁਰੂ ਸ਼ਖਸ਼ੀਅਤਾਂ ਨੂੰ ਸਵੀਕਾਰਿਆ ਜਾਂਦਾ ਸੀ ਅਤੇ ਰੂਹਾਨੀ ਤੌਰ ਤੇ ਗੁਰਬਾਣੀ ਨੂੰ ਗੁਰ ਉਪਦੇਸ਼ ਤੇ ਗੁਰ ਜੋਤਿ ਸਮਝਕੇ ਗ੍ਰਹਿਣ ਕੀਤਾ ਜਾਂਦਾ ਸੀ, ਪਰ ਇਤਿਹਾਸਕ ਤੌਰ ਤੇ

ਇਸ ਨੂੰ ਗੁਰੂ ਵਰ ਦਾ ਦਰਜਾ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਇਹ ਕਹਿ ਕੇ ਦਿੱਤਾ; ਤੁਸੀਂ ਸ਼ਬਦ ਤੇ ਗੁਰੂ ਨੂੰ ਇੱਕੋ ਰੂਪ ਜਾਣਨਾ... ਸਤਿਗੁਰੂ  ਤੋਂ ਪਰਮੇਸ਼ਰ ਵਿੱਚ ਭੇਦ ਨਹੀਂ ਜਾਣਨਾ ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ । ਨਿਰਗੁਣ ਰੂਪ ਹੈ ਜੇ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ । ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ ।

ਭਾਈ ਨੰਦ ਲਾਲ ਜੀ ਨੇ ਆਪਣੇ ਸ਼ਬਦਾਂ ਵਿੱਚ ਗੁਰੂ ਜੀ ਦੇ ਆਦੇਸ਼ ਨੂੰ ਇਉਂ ਕਲਮਬੰਦ ਕੀਤਾ ਹੈ:

ਮੇਰਾ ਦੂਸਰ ਰੂਪ ਗਰੰਥ ਜੀ ਜਾਣ ।
ਉਨਕੋ ਅੰਗ ਮੇਰਾ ਕਰ ਮਾਨ ।
ਮੇਰਾ ਰੂਪ ਗਰੰਥ ਜੀ ਜਾਣ ।
ਇਸ ਮੇਂ ਭੇਦ ਨਹੀਂ ਕੁਛ ਮਾਨ ।

ਇਸ ਤਰ੍ਹਾਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਖ਼ਾਲਸਾ ਪੰਥ ਵਿੱਚ ਵਿਲੀਨ ਕਰ ਦਿੱਤਾ ਅਤੇ ਪੰਥ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਧੀਨ । ਇਸ ਕੌਤਕ ਨਾਲ ਗੁਰੂ ਦਾ ਦਰਜਾ ਗੁਰਬਾਣੀ ਨੂੰ ਹਾਸਿਲ ਹੋ ਗਿਆ ਹੈ।

ਗੁਰਬਾਣੀ ਸਹੀ ਅਰਥਾਂ ਵਿੱਚ ਧਰਮ ਤੇ ਆਤਮਿਕ, ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਕਲਾਤਮਕ ਪੱਖਾਂ ਨੂੰ ਉਜਾਗਰ ਕਰਦੀ ਹੈ । ਇਸ ਤਰ੍ਹਾਂ ਜੋ ਮਨੁੱਖ ਗੁਰੂ ਦੀ ਸਿੱਖਿਆ ਅਰਥਾਤ ਗੁਰਬਾਣੀ ਦੇ ਸਿਧਾਂਤਾਂ ਤੇ ਅਮਲ ਕਰਦਾ ਹੈ, ਉਹ ਗੁਰਸਿੱਖ ਹੈ। ਅਠਾਰਵੀਂ, ਉਨੀਂਵੀਂ ਤੇ ਵੀਹਵੀਂ ਸਦੀ ਦੌਰਾਨ ਸਿੱਖ ਪੰਥ ਵਿੱਚ ਉਨ੍ਹਾਂ ਅਨੇਕ ਗੁਰਸਿੱਖਾਂ ਨੇ ਜਨਮ ਲਿਆ, ਜਿਨ੍ਹਾਂ ਨੇ ਧਰਮ, ਸਮਾਜ ਅਤੇ ਰਾਜਨੀਤਿਕ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀ ਕੀਤੀ ਅਤੇ ਸਿੱਖ ਇਤਿਹਾਸ ਨੂੰ ਵਿਸ਼ਵ ਇਤਿਹਾਸ ਦੇ ਪੰਨਿਆਂ ਵਿੱਚ ਰੌਸ਼ਨ ਕੀਤਾ । ਪਰ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਕਈ ਇਤਿਹਾਸਕ ਸ਼ਖ਼ਸੀਅਤਾਂ ਸੰਬੰਧੀ ਜਾਣਕਾਰੀ ਤੋਂ ਵਾਂਝੇ ਰਹਿ ਗਏ ਹਾਂ, ਜਿਨ੍ਹਾਂ ਨੇ ਕੌਮ ਦੀ ਆਨ, ਬਾਨ ਤੇ ਸ਼ਾਨ ਲਈ ਆਪਣੀ ਕੁਰਬਾਨੀ ਦਿੱਤੀ, ਪਰ ਚੜ੍ਹਦੀਕਲਾ ਦੇ ਸੰਕਲਪ ਨੂੰ ਆਪਣੀ ਸ਼ਖ਼ਸੀਅਤ ਵਿੱਚੋਂ ਖ਼ਾਰਜ ਨਹੀਂ ਹੋਣ ਦਿੱਤਾ । ਚਾਹੀਦਾ ਤਾਂ ਇਹ ਸੀ ਕਿ ਅਸੀਂ ਇਨ੍ਹਾਂ ਗੁਰਸਿੱਖ ਸੂਰਮਿਆਂ ਤੇ ਯੋਧਿਆਂ ਦਾ ਪੂਰਨ ਇਤਿਹਾਸ ਤਿਆਰ ਕਰਦੇ । ਨਾ ਹੀ ਕਿਸੇ ਹੋਰ ਸੰਸਥਾ ਨੇ ਇਸ ਕਾਰਜ ਵੱਲ ਕੋਈ ਉਪਰਾਲਾ ਕੀਤਾ ਹੈ ਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਕਾਰਜ ਵੱਲ ਰੁਚਿਤ ਹੋਈ ਹੈ।

ਰਾਜ ਜੋਗੀ ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ ਅਠਾਰਵੀਂ ਸਦੀ ਦੇ ਮਹਾਨ ਧਰਮ ਯੋਧੇ ਹੋਏ ਹਨ, ਜੋ ਕਿ ਨਿਮਰਤਾ ਤੇ ਬਹਾਦਰੀ ਦੇ ਗੁਣਾਂ ਨਾਲ ਭਰਪੂਰ ਸਨ । ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਮਹਾਨ ਗੁਰਸਿੱਖ ਸ਼ਖ਼ਸੀਅਤ ਹਾਲੇ ਤੱਕ ਸਹੀ ਰੂਪ ਵਿੱਚ ਧਰਮ ਅਤੇ ਸਿੱਖ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਨਹੀਂ ਬਣ ਸਕੀ । ਜੇਕਰ ਖ਼ਾਲਸਾ ਪੰਥ ਆਪਣੀ ਮਾਨਸਿਕਤਾ ਵਿੱਚੋਂ ਬਾਬਾ ਸਾਹਿਬ ਸਿੰਘ ਜੀ ਵਰਗੇ ਮਹਾਨ ਯੋਧਿਆਂ ਨੂੰ ਮਨਫ਼ੀ ਕਰ ਦੇਵੇਗਾ ਜਾਂ ਉਨ੍ਹਾਂ ਦਾ ਵਾਰਿਸ ਨਹੀਂ ਬਣੇਗਾ ਤਾਂ ਪੰਥ ਨੂੰ

ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਵਿਸ਼ਵ ਦੇ ਇਤਿਹਾਸ ਵਿੱਚ ਉਸ ਦਾ ਭਵਿੱਖ ਕਦੇ ਵੀ ਉਜਵਲ ਨਹੀਂ ਬਣ ਸਕੇਗਾ ।

ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ ਵਰਗੇ ਅਣਗਿਣਤ ਗੁਰਸਿੱਖ ਮਹਿਜ਼ ਖ਼ਾਲਸਾ ਪੰਥ ਦਾ ਮਹਾਨ ਵਿਰਸਾ ਤੇ ਕੌਮੀ ਇਤਿਹਾਸ ਦਾ ਨਿਰਮਾਣ ਕਰਨ ਵਾਲੇ ਹੀ ਨਹੀਂ ਹਨ, ਸਗੋਂ ਸਿੱਖ ਧਰਮ ਤੇ ਖ਼ਾਲਸਾ ਪੰਥ ਦੇ ਚਰਿੱਤਰ ਨੂੰ ਅਮਲ ਤੇ ਅਭਿਆਸ ਪੱਧਰ 'ਤੇ ਜੀਵਤ ਰੱਖਣ ਵਾਲੀ ਵਿਸ਼ਾਲ ਉਦਾਰਹਰਣ ਵੀ ਹਨ । ਵੱਖ-ਵੱਖ ਚਿੰਤਕਾਂ ਨੇ ਬਾਬਾ ਸਾਹਿਬ ਜੀ ਬਾਰੇ ਇਸ ਤਰ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ । ਭਾਈ ਕਾਨ੍ਹ ਸਿੰਘ ਜੀ ਨਾਭਾ ਬਾਬਾ ਸਾਹਿਬ ਸਿੰਘ ਜੀ ਦੇ ਸੰਬੰਧ ਵਿੱਚ ਲਿਖਦੇ ਹੋਏ ਆਖਦੇ ਹਨ: 'ਇਹ ਵੱਡੇ ਕਰਣੀ ਵਾਲੇ ਗੁਰਮਤਿ ਤੇ ਪ੍ਰਚਾਰਕ ਹੋਏ ਹਨ । ਇਨ੍ਹਾਂ ਨੇ ਪ੍ਰਾਕਰਮ ਨਾਲ ਬਹੁਤ ਇਲਾਕਾ ਆਪਣੇ ਕਬਜ਼ੇ ਕਰ ਲਿਆ ਹੋਇਆ ਸੀ ਤੇ ਰਾਜਧਾਨੀ ਊਨਾਂ ਥਾਪੀ । ਬਾਬਾ ਜੀ ਦਾ ਲੰਗਰ ਹਰ ਵੇਲੇ ਵਰਤਦਾ ਰਹਿੰਦਾ ਸੀ ਅਤੇ ਕਥਾ ਕੀਰਤਨ ਦਾ ਅਖੰਡ ਪ੍ਰਚਾਰ ਹੁੰਦਾ ਸੀ ।' ਸਰ ਲਿਪਨ ਗ੍ਰਿਫਨ ਕਰਤਾ ਚੀਫ਼ਸ ਪੰਜਾਬ ਬਾਬਾ ਸਾਹਿਬ ਸ਼ਿੰਘ ਜੀ ਦੀ ਉਚਤਮ ਸ਼ਖ਼ਸੀਅਤ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੋਇਆ ਆਖਦਾ ਹੈ: 'ਸੰਨ 1738 ਮੇਂ ਕਲਾਧਾਰੀ ਕੀ ਵਫਾਤ ਕੇ ਬਾਦ ਉਸ ਕੇ ਲੜਕੇ ਇਧਰ ਉਧਰ ਮੁਨਤਿਸ਼ਰ ਹੋ ਗਏ। ਇਨ ਮੇਂ ਸੇ ਅਵਤਾਰ ਚੰਦ ਤੋਂ ਬਾਰੀਆ ਤਸੀਲਾਂ ਸ਼ੰਕਰਗੜ੍ਹ ਮੇਂ ਜਾ ਮੁਕੀਮ ਹੋ ਗਿਆ । ਜਹਾਂ ਉਸ ਕੀ ਔਲਾਦ ਮੁਆਫੀ ਜਮੀਨ ਪਰ ਕਾਬਜ਼ ਹੈ ਔਰ ਧਰਮ ਚੰਦ ਡੇਰਾ ਬਾਬਾ ਨਾਨਕ ਮੇਂ ਚਲਾ ਗਿਆ । ਸਾਗਰ ਚੰਦ ਲਾਵਲਦ ਮਰ ਗਿਆ ਔਰ ਅਜੀਤ ਸਿੰਘ ਮਜ਼ਹਬੀ ਮੁਆਮਲਾਤ ਮੇਂ ਆਪਣੇ ਬਾਪ ਕਾ ਜਾਨਸ਼ੀਨ ਹੁਆ, ਲੇਕਿਨ ਇਸ ਮੇਂ ਆਪਣੇ ਬਾਪ (ਕਲਾਧਾਰੀ) ਜੈਸਾ ਮਜ਼ਹਬੀ ਜੋਸ਼ ਨਾ ਥਾ । ਔਰ ਅਗਰ ਇਸ ਖ਼ਾਨਦਾਨ ਮੇਂ-ਅਜੀਤ ਸਿੰਘ ਕੇ ਬੇਟੇ ਬੇਦੀ ਸਾਹਿਬ ਸਿੰਘ ਜੈਸਾ ਨਾਮਵਰ ਆਦਮੀ ਪੈਦਾ ਨਾ ਹੋਤਾ ਤੋ ਯੇਹ ਖ਼ਾਨਦਾਨ ਗਾਲਬਿਨ ਬੇ ਹਕੀਕਤ ਹੋ ਜਾਤਾ ।' ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਵਾਲੇ ਬਾਬਾ ਸਾਹਿਬ ਸਿੰਘ ਜੀ ਦੇ ਅਲੌਕਿਕ ਗੁਣਾਂ ਦਾ ਪ੍ਰਗਟਾਵਾ ਕਰਦੇ ਹੋਏ ਆਖਦੇ ਹਨ :' ਸਤਿਗੁਰੂ ਨਾਨਕ ਦੇਵ ਜੀ ਦੀ ਪਾਵਨ ਬੰਸ ਵਿੱਚ ਜਨਮ ਹੋਣ ਤੋਂ ਛੁਟ ਬਾਬਾ ਸਾਹਿਬ ਸਿੰਘ ਜੀ ਵਿੱਚ ਉਹ ਸਾਰੇ ਗੁਣ ਮੌਜੂਦ ਸਨ, ਜਿਹੜੇ ਕਿਸੇ ਸ਼੍ਰੇਸ਼ਟ ਪੁਰਸ਼ ਉਚ ਪਾਏ ਦੇ ਜਰਨੈਲ ਲਈ ਸੋਭਦੇ ਹਨ । ਆਪ ਜਿੱਥੇ ਆਤਮਿਕ ਜੀਵਨ ਵਿੱਚ ਖਾਸ ਪ੍ਰਭੁਤਾ ਰੱਖਦੇ ਹਨ, ਉਥੇ ਨਾਲ ਹੀ ਤਲਵਾਰ ਦੇ ਭੀ ਐਸੇ ਧਨੀ ਸਨ ਕਿ ਉਨ੍ਹਾਂ ਦੇ ਨਾਲ ਦਾ ਜੋਧਾ ਕੋਈ ਹੀ ਮਿਲਦਾ ਸੀ । ਲੋੜ ਪੈਣ ਤੇ ਆਪ ਜਦ ਰਣ ਤੱਤਿਆਂ ਵਿੱਚ ਆਪਣੀ ਤੇਗ ਧੂਹ ਕੇ ਧੈ ਵੜਦੇ ਸਨ ਤਾਂ ਇਉਂ ਮਲੂਮ ਹੁੰਦਾ ਸੀ ਕਿ ਮਾਨੋਂ ਧੁਰ ਅਕਾਸ਼ ਤੋਂ ਕੜਕਦੀ ਬਿਜਲੀ ਵੈਰੀ ਦੇ ਸਿਰ ਟੁੱਟ ਕੇ ਪੈ ਰਹੀ ਹੈ ।... ਧਾਰਮਿਕ ਦੀਵਾਨ ਵਿੱਚ ਜਦ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਗੁਰਬਾਣੀ ਦੀ ਕਥਾ ਕਰਦੇ ਹੁੰਦੇ ਤਾਂ ਇਉਂ ਪ੍ਰਤੀਤ ਹੁੰਦਾ ਸੀ ਕਿ ਧੁਰ ਅਰਸ਼ਾਂ ਤੋਂ ਅੰਮ੍ਰਿਤ ਵਰਖਾ ਹੋ ਰਹੀ ਹੈ ।' ਬਾਬਾ ਹਰੀ ਸਿੰਘ ਬਾਬਾ ਸਾਹਿਬ ਸਿੰਘ ਜੀ ਦੀ ਅਲੌਕਿਕ ਪ੍ਰਤਿਭਾ ਅਤੇ ਮਹਾਨਤਾ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ: 'ਬਾਬਾ ਕਲਾਧਾਰੀ ਜੀ ਨੂੰ ਦਸਮ ਪਾਤਸ਼ਾਹ ਜੀ ਨੇ ਜਦ ਆਦਿ ਗੁਰੂ ਜੀ ਦੇ ਸਰੂਪ ਵਿੱਚ ਨਾਮ ਬਖਸ਼ਿਆ ਤਾਂ ਬਾਬਾ ਜੀ ਨੇ ਗੁਰੂ ਜੀ ਪਾਸੋਂ ਆਪਣੀ ਅੰਸ਼

ਕਲਾ ਵਾਲਾ ਵੰਸ਼ਜ ਵੀ ਆਪਣੇ ਲਈ ਮੰਗਿਆ ਜੋ ਸ੍ਰੀ ਹਜੂਰ ਦੀ ਦਾਤ ਦੁਆਰਾ ਬਾਬਾ ਜੀ ਦੇ ਘਰ ਬਿਰਧ ਅਵਸਥਾ ਵਿੱਚ ਪੋਤਰਾ ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਜਨਮੇ । ਬਾਬਾ ਸਾਹਿਬ ਸਿੰਘ ਜੀ ਪ੍ਰਸਿੱਧ ਪੂਜਯ ਵਿਦਵਾਨ ਬੜੇ ਕਰਾਮਾਤੀ ਤੇ ਬੀਰ ਬਲੀ ਹੋਏ ਹਨ । ਉਨ੍ਹਾਂ ਦੀਆਂ ਧਰਮਸ਼ਾਲਾਂ ਤੇ ਯਾਦਗਾਰੀ ਅਸਥਾਨ ਥਾਂ-ਥਾਂ ਪੰਜਾਬ ਵਿੱਚ ਸਥਾਪਿਤ ਹਨ, ਜੋ ਦਮਦਮੇ ਕਰਕੇ ਪ੍ਰਸਿੱਧ ਹਨ (ਜਿਹਾ ਕਿ ਗੁਜਰਾਂ ਵਾਲੇ) ਉਨ੍ਹਾਂ ਦੀ ਗੱਦੀ ਊਨਾਂ ਜਿਲ੍ਹਾ ਹੁਸ਼ਿਆਰਪੁਰ ਵਿੱਚ ਹੈ ।... ਬਾਬਾ ਜੀ ਸਿੱਖ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੂੰ ਰਾਜਸੀ ਸਨਮਾਨ ਪ੍ਰਾਪਤ ਸੀ ।' ਪ੍ਰੋ: ਜੋਗਿੰਦਰ ਸਿੰਘ ਬਾਬਾ ਸਾਹਿਬ ਸਿੰਘ ਜੀ ਦੇ ਅਲੌਕਿਕ ਤੇ ਨੈਤਿਕ ਗੁਣਾਂ ਦੀ ਚਰਚਾ ਕਰਦਾ ਹੋਇਆ ਆਖਦਾ ਹੈ: 'ਜੇ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਸਮੁੱਚੀ ਜ਼ਿੰਦਗੀ ਦਾ ਸਰਵੇਖਣ ਕੀਤਾ ਜਾਏ ਤਾਂ ਉਹ ਗੁਰਸਿੱਖ ਤੇ ਰਾਜ ਜੋਗੀ ਤਾਂ ਸਿੱਧ ਹੁੰਦੇ ਹੀ ਹਨ, ਸਗੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਵੀ ਵੱਡਮੁੱਲੀਆਂ ਸਾਬਤ ਹੁੰਦੀਆਂ ਹਨ । ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਜਾਂ ਉਪਦੇਸ਼ ਮੁਤਾਬਿਕ ਗੁਰਸਿੱਖ ਬਣਾ ਲੈਣਾ, ਇਹ ਉਨ੍ਹਾਂ ਦੀਆਂ ਸਰਬ ਪ੍ਰਾਪਤੀਆਂ ਦਾ ਗੁਣ ਤੱਤ ਹੈ, ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਸਰਵੋਤਮ ਪੱਖ ਹੈ । ਇਸੇ ਕਰਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਨੂੰ ਸਿੱਖ ਮੱਤ ਤੇ ਖ਼ਾਲਸਾ ਰਾਜ ਦੇ ਇਤਿਹਾਸ ਵਿੱਚ ਅਦੁੱਤੀ ਸਤਿਕਾਰ ਪ੍ਰਾਪਤ ਹੈ ।' ਗਿਆਨੀ ਮੋਹਰ ਸਿੰਘ ਬਾਬਾ ਸਾਹਿਬ ਸਿੰਘ ਜੀ ਦੇ ਅਧਿਆਤਮਕ ਤੇ ਰਾਜਨੀਤਿਕ ਗੁਣਾਂ ਦੀ ਚਰਚਾ ਕਰਦਾ ਹੋਇਆ ਆਖਦਾ ਹੈ : 'ਬਾਬਾ ਸਾਹਿਬ ਸਿੰਘ ਜੀ ਨੂੰ ਇੱਕ ਤਰ੍ਹਾਂ ਨਾਲ ਅਠਾਰਵੀਂ ਸਦੀ ਵਿੱਚ ਪੰਜਾਬ ਦਾ ਰਾਸ਼ਟਰਪਿਤਾ ਕਿਹਾ ਜਾਵੇ, ਤਦ ਇਹ ਕਿਸੇ ਵੀ ਤਰ੍ਹਾਂ ਗਲਤ ਨਹੀਂ ਹੋ ਸਕਦਾ । ਉਹ ਹਰ ਢੰਗ ਕਰਤਵਯ ਤੇ ਕੋਸ਼ਿਸ਼ ਕਰਨ ਤੋਂ ਕਦੇ ਪਿੱਛੇ ਨਹੀਂ ਹਟਦੇ ਸਨ । ਜਿਸ ਕਰਕੇ ਪੰਜਾਬ ਅੰਦਰ ਇੱਕ ਮਹਾਨ ਸ਼ਕਤੀਸ਼ਾਲੀ ਤੇ ਅਹਿਲ ਰਾਜ ਸਥਾਪਨ ਕੀਤਾ ਜਾਵੇ, ਜਿਸ ਵੱਲ ਕੋਈ ਵੀ ਗੈਰ ਅੱਖ ਉਠਾ ਕੇ ਤੱਕ ਸਕੇ ਤੇ ਉਸ ਦੀ ਛਾਂ ਹੇਠਾਂ ਪੰਜਾਬ ਦਾ ਹਰ ਵਸਨੀਕ ਸੁਖੀ ਪ੍ਰਫੁਲਿਤ ਹੋ ਕੇ ਤੇ ਪੂਰਨ ਤੌਰ ਪਰ ਇਸ ਨੂੰ ਆਪਣਾ ਰਾਜ ਕਹਿ ਸਕੇ ।'

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਬਾ ਸਾਹਿਬ ਸਿੰਘ ਜੀ ਦੀ ਪ੍ਰਤਿਭਾ ਬਹੁ-ਮੁਖੀ ਹੈ । ਭਾਵੇਂ ਬਾਬਾ ਜੀ ਦੀ ਪ੍ਰਤਿਭਾ ਮੁੱਖ ਰੂਪ ਵਿੱਚ ਧਾਰਮਿਕ ਸੀ, ਪਰ ਰਾਜਸੀ ਨਿਪੁੰਨਤਾ ਉਨ੍ਹਾਂ ਦਾ ਵਿਸ਼ੇਸ਼ ਲੱਛਣ ਸੀ । ਸ਼ਾਇਦ ਇਸੇ ਕਰਕੇ ਉਨ੍ਹਾਂ ਨੂੰ ਰਾਜ ਜੋਗੀ ਆਖ ਕੇ ਸਤਿਕਾਰਿਆ ਜਾਂਦਾ ਹੈ । ਬਾਬਾ ਜੀ ਨੇ ਜਿਸ ਦੂਰ ਅੰਦੇਸ਼ੀ, ਸੂਰਬੀਰਤਾ, ਸਿਆਣਪ ਅਤੇ ਸਮਦ੍ਰਿਸ਼ਟੀ ਦੁਆਰਾ, ਖ਼ਾਲਸਾ ਪੰਥ ਦੀ ਖਿੰਡੀ ਹੋਈ ਸ਼ਕਤੀ ਨੂੰ ਇੱਕ ਮੰਚ ਤੇ ਇਕੱਤਰ ਕਰਕੇ, ਖ਼ਾਲਸਾ ਰਾਜ ਦੀ ਸਿਰਜਣਾ ਕਰਕੇ ਸ: ਰਣਜੀਤ ਸਿੰਘ ਨੂੰ ਰਾਜ ਭਾਗ ਦਾ ਮਾਲਕ ਬਣਾਇਆ, ਉਸ ਵਰਗੀ ਉਦਾਹਰਣ ਰਾਸ਼ਟਰੀ ਇਤਿਹਾਸ ਦੇ ਕਿਸੇ ਭਾਗ ਵਿੱਚੋਂ ਲੱਭਣੀ ਮੁਸ਼ਕਲ ਹੈ । ਇਸ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਆਪਣੇ ਸਮੇਂ ਦੀ ਅਤਿ ਪ੍ਰਸਿੱਧ ਸੱਚੀ ਤੇ ਸੁੱਚੀ ਸ਼ਖ਼ਸੀਅਤ ਦਾ ਪ੍ਰਭਾਵ ਰੱਖਣ ਵਾਲੇ ਮਹਾਂਪੁਰਖ ਸਨ ।

★ ★ ★ ★ ★ ★

# ਸੰਤਾਨਕ ਘਰਾਣਾ

## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਬਾਬਾ ਸਿਰੀ ਚੰਦ ਜੀ
(ਉਦਾਸੀਨ ਸੰਪ੍ਰਦਾਇ ਦੇ ਮੋਢੀ ਬ੍ਰਹਮਚਾਰੀ ਰਹੇ)

ਬਾਬਾ ਲਖਮੀ ਚੰਦ ਜੀ
↓
ਬਾਬਾ ਧਰਮ ਚੰਦ ਜੀ
↓
ਬਾਬਾ ਮਾਣਕ ਚੰਦ ਜੀ
↓
ਬਾਬਾ ਦਾਤਾਰ ਚੰਦ ਜੀ
↓
ਬਾਬਾ ਪਹਾੜ ਚੰਦ ਜੀ
↓
ਬਾਬਾ ਹਰਕਰਨ ਚੰਦ ਜੀ
↓
ਬਾਬਾ ਨਿਹਾਲ ਚੰਦ ਜੀ
↓
ਬਾਬਾ ਕਲਾਧਾਰੀ ਜੀ
↓
ਬਾਬਾ ਅਜੀਤ ਸਿੰਘ ਜੀ
↓
ਬਾਬਾ ਸਾਹਿਬ ਸਿੰਘ ਜੀ ਬੇਦੀ
↓
ਬਾਬਾ ਬਿਕਰਮਾ ਸਿੰਘ ਜੀ ਬੇਦੀ
↓
ਬਾਬਾ ਸੁਜਾਨ ਸਿੰਘ ਜੀ ਬੇਦੀ
↓
ਬਾਬਾ ਰਾਮ ਕਿਸ਼ਨ ਸਿੰਘ ਜੀ ਬੇਦੀ
↓
ਬਾਬਾ ਦੇਵਿੰਦਰ ਸਿੰਘ ਜੀ ਬੇਦੀ
↓
ਬਾਬਾ ਮਧੂਸੂਦਨ ਸਿੰਘ ਜੀ ਬੇਦੀ
↓
ਵਰਤਮਾਨ ਬਾਬਾ ਸਰਬਜੋਤ ਸਿੰਘ ਜੀ ਬੇਦੀ

ਟਿੱਕਾ ਬਾਬਾ ਅਮਰਜੋਤ ਸਿੰਘ

ਕੰਵਰ ਬਾਬਾ ਕਰਮਜੋਤ ਸਿੰਘ

# ਸੰਤ ਅਤਰ ਸਿੰਘ ਜੀ



(ਮਸਤੂਆਣੇ ਵਾਲੇ) -ਡਾ. ਖੇਮ ਸਿੰਘ

ਜਗਤ ਦੀ ਕਾਰ ਨੂੰ ਸਹੀ ਰਸਤੇ ਉੱਤੇ ਚੱਲਦੇ ਰੱਖਣ ਲਈ ਸਦਾ ਸਲਾਮਤਿ ਨਿਰੰਕਾਰ ਸਮੇਂ-ਸਮੇਂ ਸਿਰ ਮਹਾਂਪੁਰਖਾਂ ਨੂੰ ਭੇਜਦਾ ਰਹਿੰਦਾ ਹੈ ਤਾਂ ਜੋ ਦੁਨਿਆਵੀ ਲੋਕਾਂ ਦਾ ਮਾਰਗ ਦਰਸ਼ਨ ਹੋ ਸਕੇ ਅਤੇ ਸੱਚ ਤੇ ਹੱਕ ਦੀ ਜੋਤ ਜਗਦੀ ਰਹੇ। ਅਸੀਂ ਜੀਉੜੇ ਉਸ ਅਕਾਲ ਪੁਰਖ ਨਾਲ ਜੁੜੇ ਰਹੀਏ ਅਤੇ ਸੰਸਾਰ ਵਿੱਚ ਪ੍ਰੇਮ ਅਤੇ ਸ਼ਾਂਤੀ ਬਣੀ ਰਹੇ। ਆਪਣੇ ਇਸ ਕਾਰਜ ਦੀ ਪੂਰਤੀ ਲਈ ਅਕਾਲ ਪੁਰਖ ਦੇ ਘੱਲੇ ਹੋਏ ਮਹਾਂਪੁਰਖਾਂ ਵਿੱਚੋਂ ਹੀ ਸੰਤ ਅਤਰ ਸਿੰਘ ਜੀ (ਮਸਤੂਆਣੇ ਵਾਲੇ) ਹੋਏ ਹਨ।

**ਜਨਮ :** ਆਪ ਜੀ ਦਾ ਜਨਮ ਸੰਮਤ ਬਿਕ੍ਰਮੀ 1924 ਚੇਤਰ ਸੁਦੀ ਏਕਮ (28 ਮਾਰਚ 1867 ਈ:) ਨੂੰ ਬਾਬਾ ਕਰਮ ਸਿੰਘ ਜੀ ਦੇ ਘਰ ਮਾਤਾ ਭੋਲੀ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਚੀਮਾ ਵਿਖੇ ਹੋਇਆ। ਇਹ ਪਿੰਡ ਸੁਨਾਮ ਬਠਿੰਡਾ ਸੜਕ ਉੱਤੇ ਸੁਨਾਮ ਤੋਂ 9 ਮੀਲ ਉੱਤੇ ਸਥਿਤ ਹੈ। ਸੰਤ ਜੀ ਦਾ ਜਨਮ ਉਦੋਂ ਹੋਇਆ ਜਦੋਂ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਵਿੱਚ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਲੋਕਾਂ ਦੇ ਸਵੈਮਾਨ ਨੂੰ ਕੁਚਲਿਆ ਜਾ ਰਿਹਾ ਸੀ। ਸੱਚ ਅਤੇ ਹੱਕ ਦੀ ਬੋਲੀ ਬੋਲਣ ਵਾਲੇ ਰਾਜ ਦੇ ਦੁਸ਼ਮਣ ਸਮਝੇ ਜਾਂਦੇ ਸਨ। ਰਾਜ ਸ਼ਕਤੀ ਤੋਂ ਡਰਦੇ ਬਹੁਤ ਸਾਰੇ ਲੋਕੀਂ ਆਪਣੇ ਧਰਮ ਤੋਂ ਵੀ ਮੁਨਕਰ ਹੋ ਰਹੇ ਸਨ। ਇਸ ਕਠਿਨ ਸਮੇਂ ਸੰਤਾਂ ਨੇ ਘੋਰ ਤਪੱਸਿਆ ਸਾਧੀ। ਲੋਕਾਂ ਨੂੰ ਧਰਮ ਦਾ ਰਸਤਾ ਦਿਖਾਇਆ। ਮਨੁੱਖੀ ਵਿਕਾਸ ਲਈ ਗਿਆਨ ਦੀ ਮਹੱਤਤਾ ਨੂੰ ਦ੍ਰਿੜਾਇਆ ਤੇ ਬਹੁਤ ਸਾਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਸਥਾਪਿਤ ਕੀਤੀਆਂ।

**ਸਿਮਰਨ :** ਸੰਮਤ 1940 ਬਿਕ੍ਰਮੀ ਵਿੱਚ ਆਪ, ਕਰਤਾਰ ਦੇ ਅਗੰਮੀ ਹੁਕਮ ਵਿੱਚ, ਫ਼ੌਜ ਵਿੱਚ ਭਰਤੀ ਹੋ ਗਏ। ਉਥੇ ਹੀ ਬਾਬਾ ਜੋਲ ਸਿੰਘ ਜੀ ਰਾਹੀਂ ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਸੰਮਤ 1945 ਬਿਕ੍ਰਮੀ ਵਿੱਚ ਫ਼ੌਜ ਵਿੱਚੋਂ ਰਿਜ਼ਰਵ ਛੁੱਟੀ ਲੈ ਲਈ ਅਤੇ ਨਾਮ ਸਿਮਰਨ ਵਿੱਚ ਲੀਨ ਹੋ ਗਏ ਅਤੇ ਫੇਰ ਫ਼ੌਜ ਤੋਂ ਪੱਕੇ ਤੌਰ 'ਤੇ ਛੁੱਟੀ ਲੈ ਕੇ ਆਪ ਜੀ ਨਾਮ ਸਿਮਰਨ, ਪੰਥ ਅਤੇ ਸਮਾਜ ਦੀ ਸੇਵਾ ਵਿੱਚ ਜੁੱਟ ਗਏ।

ਹਜ਼ੂਰ ਸਾਹਿਬ ਤਕਰੀਬਨ ਦੋ ਸਾਲ, ਨਿਰੰਤਰ ਨਾਮ ਸਿਮਰਨ ਅਭਿਆਸ ਦੀ ਕਮਾਈ ਕੀਤੀ, ਗੁਰ ਸ਼ਬਦ ਦੀ ਅਰਾਧਨਾ ਕੀਤੀ ਅਤੇ ਬੇਅੰਤ ਜਪੁਜੀ ਸਾਹਿਬ ਦੇ ਪਾਠ ਕੀਤੇ। ਨਗੀਨਾ ਘਾਟ ਸਾਰੀ ਸਾਰੀ ਰਾਤ ਇੱਕ ਪੱਥਰ ਦੀ ਕੋਠੜੀ ਵਿੱਚ ਸਿਮਰਨ ਅਭਿਆਸ ਕਰਦੇ ਅਤੇ ਲੋੜ ਅਨੁਸਾਰ ਬਿਰਾਜਦੇ। ਹਜ਼ੂਰ ਸਾਹਿਬ ਤੋਂ ਸੰਤ ਜੀ ਪੈਦਲ ਹੀ ਜੰਗਲਾਂ ਵਿੱਚ ਦੀ ਹੁੰਦੇ ਹਰਿਦੁਆਰ ਅਤੇ ਰਿਸ਼ੀਕੇਸ਼ ਆਏ ਅਤੇ ਇੱਕ ਸਾਲ ਅਤੁੱਟ ਨਾਮ ਅਭਿਆਸ ਕੀਤਾ। ਇਥੋਂ ਸੰਤ ਜੀ ਪੈਦਲ ਹੀ ਪਾਉਂਟਾ ਸਾਹਿਬ, ਬੜੂ ਸਾਹਿਬ, ਆਨੰਦਪੁਰ ਸਾਹਿਬ ਅਤੇ ਗੁਰਦਾਸਪੁਰ ਹੁੰਦੇ ਹੋਏ ਸਿਆਲਕੋਟ ਪੁੱਜੇ। ਪਿੰਡ ਕਨੋਹਾ ਵਿਖੇ ਇੱਕ ਇਕਾਂਤ ਥਾਂ ਵੇਖ ਇਥੇ ਪਹਿਲਾਂ 80 ਦਿਨ, ਫੇਰ ਛੇ ਮਹੀਨੇ, ਉਪਰੰਤ ਇੱਕ ਸਾਲ ਅਤੁੱਟ ਸਿਮਰਨ ਕੀਤਾ। ਇਸ ਪਿੱਛੋਂ ਆਪ ਥਾਂ-ਥਾਂ ਜਾ ਕੇ ਨਾਮ ਸਿਮਰਨ ਵੀ ਕਰਦੇ ਅਤੇ ਲੋਕਾਂ

ਵਿਚ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਵੀ ਕਰਦੇ । ਸਿੱਖ ਜਗਤ ਵਿੱਚ ਸੰਤ ਜੀ ਪਹਿਲੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਨੂੰ ਸਿੱਖ ਸੰਗਤ ਵੱਲੋਂ 'ਸੰਤ' ਦੀ ਪਦਵੀ ਦਿੱਤੀ ਗਈ ।

**ਵਿੱਦਿਅਕ ਲਹਿਰ ਵਿੱਚ ਯੋਗਦਾਨ :**

ਸਿੱਖ ਜਗਤ ਵਿੱਚ ਸੰਤ ਅਤਰ ਸਿੰਘ ਜੀ ਪਹਿਲੇ ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਵਿੱਦਿਆ ਪ੍ਰਾਪਤੀ ਕਰਨ 'ਤੇ ਬਹੁਤ ਜ਼ੋਰ ਦਿੱਤਾ । ਆਪਣੇ ਲੱਗਭੱਗ 69 ਸਾਲਾਂ ਦੇ ਜੀਵਨ ਵਿੱਚ ਉਨ੍ਹਾਂ ਅਨੇਕਾਂ ਸਕੂਲਾਂ ਅਤੇ ਕਾਲਜਾਂ ਦੀ ਨੀਂਹ ਰੱਖੀ । ਵਿੱਦਿਆ ਦੇ ਸੰਚਾਰ ਪ੍ਰਤੀ ਉਹ ਐਨੇ ਇੱਛਕ ਸਨ ਕਿ ਹਰ ਸਾਲ ਸਿੱਖ ਐਜੂਕੇਸ਼ਨ ਕਾਨਫ਼ਰੰਸ ਦੀ ਅਗਵਾਈ ਕਰਦੇ ਰਹੇ । ਉਨ੍ਹਾਂ ਸਮੇਂ ਦੀ ਵਿੱਦਿਅਕ ਲਹਿਰ ਵਿੱਚ ਵੱਡਮੁੱਲਾ ਹਿੱਸਾ ਪਾਇਆ। ਉਨ੍ਹਾਂ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਆਤਮਿਕ ਵਿੱਦਿਆ ਦਾ ਸੰਬੰਧ ਵੀ ਦ੍ਰਿੜਾਇਆ ।

ਜਦ ਬਨਾਰਸ ਹਿੰਦੂ ਯੂਨੀਵਰਸਿਟੀ ਖੋਲ੍ਹਣ ਦੀ ਵਿਉਂਤ ਘੜੀ ਗਈ ਤਾਂ ਹਿੰਦੂ ਸਮਾਜ ਦੇ ਵਿਦਵਾਨਾਂ ਦੇ ਵੱਡੇ ਇਕੱਠ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਲਈ ਵੱਖ-ਵੱਖ ਵਿਦਵਾਨਾਂ ਮਹਾਂਪੁਰਖਾਂ ਦੇ ਨਾਵਾਂ 'ਤੇ ਵਿਚਾਰ ਕੀਤੀ । ਓੜਕ ਪ੍ਰਸਿੱਧ ਰਾਜਨੀਤਿਕ ਤੇ ਵਿਦਵਾਨ ਪੰਡਤ ਮਦਨ ਮੋਹਨ ਮਾਲਵੀਆ ਨੇ ਸੰਤ ਅਤਰ ਸਿੰਘ ਜੀ ਦੇ ਨਾਂ ਦੀ ਸਿਫ਼ਾਰਸ਼ ਕੀਤੀ । ਸੰਤ ਜੀ ਦੀ ਮਨੁੱਖਤਾ ਪ੍ਰਤੀ ਅਤੇ ਵਿੱਦਿਅਕ ਦੇਣ ਨੂੰ ਵੇਖਦਿਆਂ ਸਾਰਿਆਂ ਨੇ ਇੱਕ ਮੱਤ ਹੋ ਕੇ ਸੰਤ ਜੀ ਦਾ ਨਾਮ ਪ੍ਰਵਾਨ ਕੀਤਾ । ਪੰਡਤ ਮਦਨ ਮੋਹਨ ਮਾਲਵੀਆ ਉਚੇਚੇ ਤੌਰ 'ਤੇ ਮਸਤੂਆਣੇ ਆਏ ਅਤੇ ਸੰਤ ਜੀ ਨੂੰ ਬੇਨਤੀ ਕੀਤੀ । ਸੰਨ 1914 ਦੇ ਅਖੀਰਲੇ ਦਿਨਾਂ ਵਿੱਚ ਨਾਭਾ ਸਟੇਟ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਉਦਮਾਂ ਸਦਕਾ ਸੰਗਰੂਰ ਤੋਂ ਬਨਾਰਸ ਲਈ ਇੱਕ ਵਿਸ਼ੇਸ਼ ਗੱਡੀ ਰਾਹੀਂ ਸੰਤ ਜੀ ਬਨਾਰਸ ਪੁੱਜੇ । ਸਟੇਸ਼ਨ 'ਤੇ ਉਸ ਵੇਲੇ ਰਾਜਿਆਂ ਮਹਾਰਾਜਿਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਸੰਤ ਜੀ ਦਾ ਸੁਆਗਤ ਕੀਤਾ । ਨੀਂਹ-ਪੱਥਰ ਰੱਖਣ ਸਮੇਂ 'ਤੇ ਹੀ ਪੰਡਤ ਮਦਨ ਮੋਹਨ ਮਾਲਵੀਆ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਹਰ ਹਿੰਦੂ ਘਰ ਵਿੱਚੋਂ ਇੱਕ ਬੱਚੇ ਨੂੰ ਸਿੰਘ ਸਜਾਓ । ਸ਼ਬਦ ਕੀਰਤਨ ਅਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਦੀ ਗੂੰਜ ਵਿੱਚ ਗਿਆਰਾਂ ਸੋਨੇ ਦੀਆਂ ਇੱਟਾਂ ਰੱਖ ਕੇ ਸੰਤ ਅਤਰ ਸਿੰਘ ਜੀ ਨੇ ਨੀਂਹ-ਪੱਥਰ ਰੱਖਣ ਦੀ ਰਸਮ ਅਦਾ ਕੀਤੀ । ਇਸ ਘਟਨਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਦੇਸ਼ ਭਰ ਦੇ ਲੋਕਾਂ ਵਿੱਚ ਸੰਤ ਅਤਰ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ, ਪਿਆਰ ਅਤੇ ਸਤਿਕਾਰ ਸੀ । ਸੰਤ ਜੀ ਇੱਕ ਹਫ਼ਤਾ ਬਨਾਰਸ ਟਿਕੇ ਅਤੇ ਉਥੇ ਸਵੇਰੇ-ਸ਼ਾਮ ਕੀਰਤਨ ਦੀਵਾਨ ਸਜਦੇ ਰਹੇ ।

**ਅੰਮ੍ਰਿਤ ਸੰਚਾਰ :** ਸੰਤ ਅਤਰ ਸਿੰਘ ਜੀ ਨੇ ਸਾਰੇ ਪੰਜਾਬ, ਸਿੰਧ ਅਤੇ ਭਾਰਤ ਦੇ ਹੋਰ ਸੂਬਿਆਂ ਵਿੱਚ ਨਾਮ ਬਾਣੀ ਦਾ ਅਤੁੱਟ ਪ੍ਰਵਾਹ ਚਲਾਇਆ ਅਤੇ ਲੱਗਭੱਗ 14 ਲੱਖ ਜੀਵਾਂ ਨੂੰ ਅੰਮ੍ਰਿਤ ਪਾਨ ਕਰਾ ਗੁਰੂ ਕਲਗੀਆਂ ਵਾਲੇ ਦੇ ਜਹਾਜ ਚੜ੍ਹਾਇਆ । ਪੰਥ ਦੇ ਕਈ ਉੱਘੇ ਵਿਅਕਤੀਆਂ ਜਿਵੇਂ ਕਿ ਮਾਸਟਰ ਤਾਰਾ ਸਿੰਘ, ਡਾ: ਭਾਈ ਜੋਧ ਸਿੰਘ, ਭਾਈ ਹਰਕਿਸ਼ਨ ਸਿੰਘ, ਮਲਕ ਮੋਹਨ ਸਿੰਘ, ਸਾਬਕਾ ਐਮਬੈਸਡਰ ਮਲਕ ਹਰਦਿੱਤ ਸਿੰਘ ਅਤੇ ਸਿੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ ਆਦਿ ਨੇ ਵੀ ਸੰਤ ਜੀ ਦੇ ਰਾਹੀਂ ਹੀ ਅੰਮ੍ਰਿਤ ਛਕਿਆ।

ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਸ੍ਰ: ਨਰਿੰਜਣ ਸਿੰਘ ਜੀ ਮਹਿਤਾ ਸੰਤਾਂ ਦੇ

ਸੰਪਰਕ ਵਿਚ ਆਏ ਸੰਤਾਂ ਦੇ ਮਿਸ਼ਨ ਨੂੰ ਅੱਗੇ ਤੋਰਿਆ । ਆਪ ਜੀ ਸੰਤ ਤੇਜਾ ਸਿੰਘ ਦੇ ਨਾਮ ਨਾਲ ਜਗਤ ਵਿਚ ਪ੍ਰਸਿੱਧ ਹੋਏ । ਸੰਤ ਅਤਰ ਸਿੰਘ ਜੀ ਮੰਨਦੇ ਸਨ ਕਿ ਗੁਰੂ ਨਾਨਕ ਦੇਵ ਜੀ ਦੀ ਬ੍ਰਹਮ-ਵਿੱਦਿਆ ਦੇ ਨਾਲ ਪੱਛਮੀ ਵਿੱਦਿਆ ਦਾ ਮੇਲ ਹੋਣਾ ਜ਼ਰੂਰੀ ਹੈ ਤਾਂ ਹੀ ਕੌਮ ਆਪਣੇ ਪੈਰਾਂ ਉੱਤੇ ਖੜ੍ਹੀ ਹੋ ਸਕਦੀ ਹੈ ।

**ਸੁਖੀ ਕਿਵੇਂ ਰਹੀਏ? :** ਬ੍ਰਹਮ-ਗਿਆਨ ਦੇ ਉਪਦੇਸ਼ਾਂ ਦੀ ਚਰਚਾ ਕਰਦਿਆਂ ਹੋਇਆਂ ਇੱਕ ਦਿਨ ਸੰਤ ਜੀ ਨੇ ਇੱਕ ਖ਼ਾਸ ਰੰਗ ਵਿੱਚ ਭਾਈ ਤੇਜਾ ਸਿੰਘ (ਸੰਤ) ਨੂੰ ਕਿਹਾ, ਤੁਸੀਂ ਬੜੇ ਇਮਤਿਹਾਨ ਪਾਸ ਕੀਤੇ ਹਨ, ਪਰ ਬ੍ਰਹਮ-ਗਿਆਨ (ਵਿੱਦਿਆ) ਦਾ ਇਮਤਿਹਾਨ ਉਸ ਦਿਨ ਪਾਸ ਹੁੰਦਾ ਹੈ, ਜਦ ਪਿੱਛੋਂ ਆ ਕੇ ਕੋਈ ਲੱਤ ਮਾਰੇ ਤੇ ਇਹ ਉਧਰ ਧਿਆਨ ਵੀ ਕਰੇ ਜਾਂ ਕੋਈ ਸਾਹਮਣੇ ਆ ਕੇ ਆਖੇ, 'ਤੂੰ ਬੜਾ ਕੰਜਰ ਹੈਂ ' ਅੱਗੋਂ ਇਹ ਹੱਥ ਜੋੜ ਕੇ ਆਖੇ, 'ਬੜੀ ਕਿਰਪਾ ਕੀਤੀ, ਦੱਸ ਦਿੱਤਾ' । ਨਿਮਰਤਾ ਹੀ ਸਫਲ-ਸੁਹੇਲੇ ਜੀਵਨ ਦੀ ਕੁੰਜੀ ਹੈ । ਉਨ੍ਹਾਂ ਭਾਈ ਤੇਜਾ ਸਿੰਘ ਨੂੰ ਅਮਰੀਕਾ, ਇੰਗਲੈਂਡ ਯੂਨੀਵਰਸਿਟੀਆਂ ਵਿਖੇ ਵਿੱਦਿਆ ਪ੍ਰਾਪਤ ਕਰਨ ਲਈ ਭੇਜਿਆ । ਆਪ ਜੀ ਨੇ ਹਾਰਵਰਡ ਯੂਨੀਵਰਸਿਟੀ ਅਮਰੀਕਾ ਤੋਂ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ । ਇਸ ਤਰ੍ਹਾਂ ਸੰਤ ਤੇਜਾ ਸਿੰਘ ਜੀ ਨੇ ਨਿਰਾ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਗੁਰੂ ਨਾਨਕ ਮਿਸ਼ਨ ਦਾ ਚਾਨਣ ਬਿਖੇਰਿਆ ।

ਸੰਤ ਜੀ ਸਿੱਧੀਆਂ ਧਾਰਨਾ ਨਾਲ ਸ਼ਬਦ ਪੜ੍ਹਦੇ ਅਤੇ ਪੜ੍ਹਾਉਂਦੇ। ਸ਼ਬਦ ਕੀਰਤਨ ਹੁੰਦਿਆਂ ਸਾਰੀ ਸੰਗਤ ਨਾਲ ਬੈਠਦੇ ਤੇ ਕੋਈ ਵੱਖਰਾ ਆਸਣ ਨਹੀਂ ਸਨ ਲਾਉਂਦੇ । ਸੰਤ ਜੀ ਨੇ ਖ਼ਾਲਸਾ ਪੰਥ ਤੋਂ ਵੱਖ ਹੋ ਕੇ ਕੋਈ ਅੱਡ ਪਰੰਪਰਾ ਨਹੀਂ ਚਲਾਈ ਸਗੋਂ ਉਨ੍ਹਾਂ ਸਭਨਾਂ ਨੂੰ ਸਾਂਝੀਵਾਲਤਾ ਤੇ ਏਕੇ ਦਾ ਸੁਨੇਹਾ ਦਿੱਤਾ । ਆਪ ਕਿਹਾ ਕਰਦੇ ਸਨ ਕਿ ਸਾਡੀ ਸ਼ਾਨ ਗੁਰਾਂ ਦੀ ਸ਼ਾਨ ਤੇ ਤਨਿਕ ਮਾਤਰ ਵੀ ਨਹੀਂ ਹੈ । ਸਾਰਿਆਂ ਨੂੰ ਇਕੱਠੇ ਰਹਿਣ ਦੀ ਜਾਚ ਦੱਸੀ । ਆਪ ਨੇ ਸਾਰੀ ਮਾਨਵਤਾ ਨੂੰ ਬਿਨਾਂ ਕਿਸੇ ਜਾਤ-ਪਾਤ ਜਾਂ ਰੂਪ ਰੰਗ ਦੇ ਵਿਤਕਰੇ ਤੋਂ ਗੁਰੂ ਨਾਨਕ ਦਾ ਉਪਦੇਸ਼ ਦ੍ਰਿੜਾਇਆ ਅਤੇ ਨਾਮ ਜਪਾਇਆ । ਉਹ ਆਖਦੇ ਸਨ ਨਿੱਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ । ਨਿੱਤਨੇਮ ਸਿੱਖੀ ਦੀ ਪੂੰਜੀ ਹੈ, ਦੌਲਤ ਅਤੇ ਜਾਇਦਾਦ ਹੈ ।

ਲੈਕਚਰ ਕਰਨ ਸਬੰਧੀ ਸੰਤ ਜੀ ਕਿਹਾ ਕਰਦੇ ਸਨ ਜਿਸ ਦਾ ਜੀ ਲੈਕਚਰ ਕਰਨ ਨੂੰ ਕਰੇ, ਉਹ ਲੈਕਚਰ ਨਾ ਕਰੇ ਅਤੇ ਜਿਸ ਦਾ ਜੀ ਨਾ ਕਰੇ, ਉਹ ਕਰੇ । ਜਿਸ ਦਾ ਜੀ ਲੈਕਚਰ ਕਰਨ ਨੂੰ ਕਰਦਾ ਹੈ, ਉਸ ਦਾ ਆਧਾਰ ਆਪਣੀ ਹਉਮੈਂ, ਦਲੀਲ ਅਤੇ ਚਤੁਰਾਈ 'ਤੇ ਹੁੰਦਾ ਹੈ ਅਤੇ ਜਿਸ ਦਾ ਜੀ ਨਹੀਂ ਕਰਦਾ, ਉਸ ਦੇ ਸਤਿਗੁਰੂ ਆਪ ਵਾਲੀ ਹੁੰਦੇ ਹਨ ਅਤੇ ਅੰਤਰ-ਆਤਮੇ 'ਚੋਂ ਸਹਿਜ ਸੁਭਾਇ ਸ਼ਬਦ ਨਿਕਲਦੇ ਹਨ ।

**ਉਸਾਰੀਆਂ :** ਸੰਤ ਅਤਰ ਸਿੰਘ ਜੀ ਨੇ ਗੁਰਦੁਆਰਿਆਂ ਅਤੇ ਸਰੋਵਰਾਂ ਦੀ ਉਸਾਰੀ ਵਿੱਚ ਵੀ ਉੱਘਾ ਯੋਗਦਾਨ ਪਾਇਆ । ਉਨ੍ਹਾਂ ਗੁਰ ਸਾਗਰ ਮਸਤੂਆਣੇ ਦੀ ਉਸਾਰੀ ਕਰਵਾਈ । ਇਥੇ ਹੀ ਵਿੱਦਿਆ ਲਈ ਸਕੂਲ ਅਤੇ ਕਾਲਜ ਚਲਾਇਆ, ਜੋ ਇਸ ਸਮੇਂ ਸਿੱਖੀ ਅਤੇ ਵਿੱਦਿਆ ਦਾ ਮਹਾਨ ਕੇਂਦਰ ਹੈ । ਇਸ ਤਰ੍ਹਾਂ ਸੰਤ ਜੀ ਨੇ ਦਮਦਮੇ ਸਾਹਿਬ ਸਰੋਵਰ ਅਤੇ ਅਸਥਾਨ ਦੀ ਵੀ ਮਹਾਨ ਸੇਵਾ ਕਰਵਾਈ । ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ

ਨਾਭਾ ਲਿਖਦੇ ਹਨ-ਮੇਰੇ ਜਿਹੇ ਤੁੱਛ ਬੁੱਧੀ ਵਾਲੇ ਇਨਸਾਨ ਲਈ ਸੰਤ ਅਤਰ ਸਿੰਘ ਜੀ ਦੀ ਮਹਾਨਤਾ ਦਰਸਾਉਣੀ ਬੜੀ ਔਖੀ ਹੈ । ਉਹ ਗੁਣਾਂ ਦੇ ਖ਼ਜ਼ਾਨੇ ਹਨ, ਸੱਚੇ-ਸੁੱਚੇ ਸੰਤ ਹਨ ਅਤੇ ਖ਼ਾਲਸਾ ਪੰਥ ਦੇ ਅਨਮੋਲ ਹੀਰੇ ਹਨ ।

ਮਾਸਟਰ ਤਾਰਾ ਸਿੰਘ ਜੀ ਲਿਖਦੇ ਹਨ-ਸੰਤ ਅਤਰ ਸਿੰਘ ਨੂੰ ਮਿਲਣ ਉਪਰੰਤ ਮੇਰੇ ਜੀਵਨ ਵਿੱਚ ਜਬਰਦਸਤ ਮੋੜ ਆਇਆ ਹੈ ।

**ਦਿੱਲੀ ਵਿੱਚ ਸ਼ਾਹੀ ਦਰਬਾਰ :** ਜਾਰਜ ਪੰਚਮ ਦੇ ਵੱਡੇ ਦਿੱਲੀ ਦਰਬਾਰ (1911 ਈਸਵੀਂ) ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਦਰਬਾਰ ਦੇ ਨਿਯਤ ਸਮੇਂ ਤੋਂ ਇੱਕ ਦਿਨ ਪਹਿਲਾਂ ਸਿੱਖ ਰਾਜਿਆਂ ਮਹਾਰਾਜਿਆਂ ਵੱਲੋਂ ਹਾਥੀਆਂ 'ਤੇ ਬੜਾ ਸ਼ਾਨਦਾਰ ਜਲੂਸ ਨਿਕਲਿਆ । ਸੰਤ ਜੀ ਜੀਂਦ ਦਰਬਾਰ ਵੱਲੋਂ ਇਸ ਜਲੂਸ ਵਿੱਚ ਸ਼ਾਮਲ ਹੋਏ । ਲਾਲ ਕਿਲ੍ਹੇ ਵਿੱਚ ਜਾਣ ਸਮੇਂ ਸੰਗਤਾਂ ਦੇ ਬੇਨਤੀ ਕਰਨ 'ਤੇ ਸੰਤ ਜੀ ਮਹਾਰਾਜ ਨੇ ਅਦੁੱਤੀ ਇਲਾਹੀ ਰੰਗ ਵਿੱਚ ਇਹ ਸ਼ਬਦ ਪੜ੍ਹੇ :

> **ਕੋਊ ਹਰਿ ਸਮਾਨਿ ਨਹੀ ਰਾਜਾ ॥**
> **ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥ ੧ ॥ ਰਹਾਉ ॥**
> **ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥**
> **ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥ ੧॥**
> **ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥**
> **ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥ ੨ ॥ ੫ ॥**

(ਬਿਲਾਵਲੁ, ਅੰਗ ੮੫੬)

> **ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥**
> **ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ੧੦੮ ॥**

(ਗਉੜੀ ਮਹਲਾ ੫, ਅੰਗ ੨੦੧)

ਜਾਰਜ ਪੰਚਮ ਉਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਵੱਲ ਖਿੱਚਿਆ ਗਿਆ ਅਤੇ ਸੰਤ ਜੀ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੌਣ ਹਨ? ਦੱਸਿਆ ਗਿਆ ਕਿ ਇਹ ਖ਼ਾਲਸਾ ਪੰਥ ਦੇ ਸ਼੍ਰੋਮਣੀ ਸੰਤ (Lord Bishop and the greatest Saint among Sikhs) ਅਤਰ ਸਿੰਘ ਜੀ ਮਹਾਰਾਜ ਹਨ । ਫੇਰ ਇੱਕ ਪਾਦਰੀ ਨੇ ਸੰਤ ਜੀ ਮਹਾਰਾਜ ਵੱਲ ਤੱਕ ਕੇ ਕਿਹਾ ਇਹੋ ਜਿਹਾ ਚਿਹਰਾ ਮੈਂ ਅੱਜ ਤੱਕ ਕਿਧਰੇ ਨਹੀਂ ਵੇਖਿਆ । ਏਸ ਸਰੀਰ ਵਿਚ ਖਾਸ ਰੱਬੀ ਤਾਕਤ ਹੈ । ਜੇ ਏਨੀ ਤਾਕਤ ਵਾਲਾ ਸਰੀਰ ਸਾਡੇ ਵਿੱਚ ਹੁੰਦਾ ਤਾਂ ਅਸੀਂ ਸਾਰੀ ਦੁਨੀਆਂ ਨੂੰ ਈਸਾਈ ਬਣਾ ਲੈਂਦੇ ।

**ਜਥੇਬੰਦੀ ਦੀ ਜੁਗਤ :** ਸੰਨ 1926 ਈਸਵੀ ਵਿੱਚ ਅਕਾਲ ਚਲਾਣੇ ਤੋਂ ਪਹਿਲਾਂ ਸੰਤ ਜੀ ਸਿਬਿਆ ਸਰਦਾਰ ਗੋਬਿੰਦਰ ਸਿੰਘ ਦੀ ਕੋਠੀ ਬਿਰਾਜਮਾਨ ਸਨ । ਉੱਥੇ ਕਈ ਸੱਜਣ ਪਹੁੰਚੇ ਅਤੇ ਦੁੱਖ ਭਰੇ ਹਿਰਦਿਆਂ ਨਾਲ ਬੇਨਤੀ ਕੀਤੀ, 'ਸੰਤ ਜੀ, ਧੜੇਬੰਦੀ ਨੇ ਪੰਥ ਦੀ ਇੱਜ਼ਤ 'ਤੇ ਪਾਣੀ ਫੇਰ ਦਿੱਤਾ ਹੈ । ਕੋਈ ਉਪਾਉ ਦੱਸੋ, ਅਸੀਂ ਇਕੱਠੇ ਹੋ ਜਾਈਏ ।' ਸੰਤ ਜੀ ਨੇ ਫ਼ਰਮਾਇਆ, 'ਗੁਰਮੁਖੋ, ਸਾਰੇ ਧੜਿਆਂ ਦੇ ਮੁਖੀ ਸੱਜਣ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਕੇ ਕੀਰਤਨ ਕਰਿਆ ਕਰਨ । ਗੁਰੂ ਕਾ ਸ਼ਬਦ ਮੇਲ ਕਰਾ ਦੇਵੇਗਾ ।' ਇਹ

ਸੁਣ ਗੁਰਮੁੱਖ ਸੱਜਣਾਂ ਨੇ ਨਿਮਰਤਾ ਸਹਿਤ ਬੇਨਤੀ ਕੀਤੀ, ਮਹਾਰਾਜ ਜੀ! ਇਹ ਬੜਾ ਲੰਬਾ ਕੰਮ ਹੈ। ਹੋਰ ਕੋਈ ਅਮਲੀ ਉਪਾਉ ਦੱਸੋ । ਇਹ ਬਚਨ ਸੁਣ ਕੇ ਸੰਤ ਜੀ ਆਪਣੇ ਜਲਾਲ ਵਿੱਚ ਆ ਗਏ ਅਤੇ ਆਖਿਆ, 'ਖ਼ਾਲਸਾ ਜੀ, ਦੁੱਧ ਵੀ ਤੁਹਾਡਾ ਖੰਡ ਵੀ ਤੁਹਾਡੀ, ਅਸੀਂ ਤਾਂ ਉਂਗਲ ਫੇਰਨ ਹੀ ਜਾਣਦੇ ਹਾਂ । ਪਰ ਜਿਸ ਸਮੇਂ ਤੁਸੀਂ ਇਕੱਤਰ ਹੋ ਕੇ ਬਗ਼ੈਰ ਲਿਹਾਜ਼ ਦੇ ਪੰਜ ਗੁਰਸਿੱਖ (ਰਹਿਣੀ ਰਹੇ ਸੋਈ ਸਿਖ ਮੇਰਾ।। ਓਹ ਸਾਹਿਬ ਮੈਂ ਉਸ ਕਾ ਚੇਰਾ।।) ਆਪਣੇ ਆਗੂ ਚੁਣ ਲਵੋਂਗੇ ਅਤੇ ਨਾਲ ਇੱਕ ਗੁਰਮੁਖ ਸਾਖੀ (ਗ੍ਰੰਥੀ) ਬਣਾ ਦਿਉਂਗੇ, ਜਿਸ ਕੰਮ ਨੂੰ ਗੁਰੂ ਕੀ ਤਾਬਿਆ ਗੁਰਮਤਾ ਕਰਕੇ ਹੱਥ ਪਾਵੋਂਗੇ ਫਤਹਿ ਹੋਵੇਗਾ । ਪਰ ਇਹ ਨਾ ਹੋਵੇ ਕਿ ਅੱਜ ਕੋਠੇ ਚਾੜ੍ਹ ਦਿੱਤਾ ਤੇ ਕੱਲ ਪੌੜੀ ਖਿੱਚ ਲਈ । ਜਦ ਤੱਕ ਇਹ ਪ੍ਰੇਮੀ ਜਿਉਂਦੇ ਰਹਿਣ ਤੇ ਰਹਿਤ ਮਰਿਯਾਦਾ ਵਿੱਚ ਪੱਕੇ ਰਹਿਣ ਤਦ ਤੱਕ ਪੰਥ ਇਨ੍ਹਾਂ ਦੀ ਆਗਿਆ ਵਿੱਚ ਰਹੇਗਾ । ਸੰਤ ਅਤਰ ਸਿੰਘ ਜੀ ਮਹਾਰਾਜ ਦੇ ਇਹ ਸ਼ੁਭ ਬਚਨ ਅਜੇ ਤੀਕਰ ਜਮ੍ਹਾਂ ਹਨ ।


ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।।੧।।੬।।
(ਸਾਰਗ ਮਹਲਾ ੫, ਅੰਗ ੧੨੦੪)

**ਜੋਤੀ-ਜੋਤਿ ਸਮਾਣਾ :** ਸੰਤ ਜੀ ਹਰ ਸਮੇਂ ਨਾਮ ਵਿੱਚ ਲੀਨ ਰਹਿੰਦੇ । ਆਪ ਨੇ ਸਾਰੀ ਮਾਨਵਤਾ ਨੂੰ ਬਿਨਾ ਕਿਸੇ ਜਾਤ-ਪਾਤ ਜਾਂ ਰੂਪ ਰੰਗ ਦੇ ਵਿਤਕਰੇ ਤੋਂ ਗੁਰੂ ਨਾਨਕ ਦਾ ਉਪਦੇਸ਼ ਦ੍ਰਿੜਾਇਆ ਅਤੇ ਨਾਮ ਜਪਾਇਆ । ਆਪ ਜੀ ਫ਼ਰਵਰੀ 1927 ਨੂੰ ਸੰਗਰੂਰ ਵਿਖੇ ਜੋਤੀ-ਜੋਤਿ ਸਮਾ ਗਏ, ਪਰ ਆਪ ਜੀ ਆਪਣੇ ਪਿੱਛੇ ਉਹ ਨਿਸ਼ਕਾਮ ਸੇਵਾ, ਸਚਿਆਰੇ ਜੀਵਨ, ਆਤਮਿਕ ਤੇ ਵਿਗਿਆਨਕ ਵਿੱਦਿਆ ਦਾ ਐਸਾ ਕਾਫ਼ਲਾ ਛੱਡ ਗਏ ਹਨ ਜੋ ਅੱਜ ਵੀ ਨਿਰੰਤਰ ਕਾਰਜਸ਼ੀਲ ਹੈ ।

ਅਕਾਲ ਅਕੈਡਮੀ ਬੜੂ ਸਾਹਿਬ ਸੰਤ ਜੀ ਦੇ ਉਪਦੇਸ਼ਾਂ ਅਨੁਸਾਰ ਸੰਤ ਤੇਜਾ ਸਿੰਘ ਜੀ ਨੇ ਹਿਮਾਚਲ ਪ੍ਰਦੇਸ਼ ਵਿਖੇ 'ਤਪੋ ਅਸਥਾਨ ਬੜੂ ਸਾਹਿਬ' ਦੀ ਸਥਾਪਨਾ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਦੇ ਨਾਮ ਹੇਠ 1957 ਵਿੱਚ ਕੀਤੀ । ਬੜੂ ਸਾਹਿਬ ਇੱਕ ਅਤਿ ਸੁੰਦਰ ਅਤੇ ਆਦਰਸ਼ਕ ਧਰਤੀ ਦਾ ਟੁਕੜਾ ਹੈ ਜੋ ਸੱਤਾਂ ਉੱਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ । ਇਥੇ ਕਲਗ਼ੀਧਰ ਟ੍ਰਸਟ ਹੇਠ 'ਅਕਾਲ ਅਕੈਡਮੀ' ਚੱਲ ਰਹੀ ਹੈ, ਜਿੱਥੇ 10+2 ਵਿੱਦਿਅਕ ਪ੍ਰਣਾਲੀ ਤੱਕ ਬੱਚਿਆਂ ਨੂੰ ਅੰਗਰੇਜੀ ਮਾਧਿਅਮ ਵਿੱਚ ਸੰਸਾਰਕ ਵਿੱਦਿਆ ਦੇ ਨਾਲ-ਨਾਲ ਆਤਮਿਕ ਵਿੱਦਿਆ ਦੇਣ ਦਾ ਅਨੂਠਾ ਪ੍ਰਯੋਗ ਚੱਲ ਰਿਹਾ ਹੈ । ਅੰਮ੍ਰਿਤ ਵੇਲੇ ਸਿਮਰਨ ਨਿਤਨੇਮ ਕੀਰਤਨ ਰਾਹੀਂ ਨਿੱਕੇ ਬੱਚੇ ਆਪਣੇ ਦਿਨ ਦੀ ਸ਼ੁਰੂਆਤ ਕਰਦੇ ਹਨ ਤੇ ਫਿਰ ਪੜ੍ਹਾਈ ਵਿੱਚ ਜੁੱਟ ਜਾਂਦੇ ਹਨ । ਬੱਚਿਆਂ ਦਾ ਜ਼ਬਤ, ਸਕੂਲ ਦਾ ਪ੍ਰਬੰਧ ਅਤੇ ਵਿੱਦਿਆ ਦਾ ਮਿਆਰ ਨਿਸ਼ਚੇ ਹੀ ਤਪਦੇ ਬਲਦੇ ਸੰਸਾਰ ਲਈ ਸ਼ਾਂਤੀ ਸਥੱਲ ਹੋ ਨਿਬੜੇਗਾ । ਇਸ ਆਦਰਸ਼ ਸਕੂਲ ਤੋਂ ਬਿਨਾਂ ਇਸ ਥਾਂ ਵਿਧਵਾ ਘਰ ਯਤੀਮਖ਼ਾਨਾ ਅਤੇ ਬਿਰਧ ਘਰ ਵੀ ਬਣਾਏ ਗਏ ਹਨ ।

★ ★ ★ ★ ★ ★

ੴ ਸਤਿਗੁਰ ਪ੍ਰਸਾਦਿ ॥



## ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

| | |
|---|---|
| ੧ | : ਪਰਮਾਤਮਾ ਇੱਕ ਹੈ । ਉਸ ਵਰਗਾ ਹੋਰ ਕੋਈ ਵਿਅਕਤੀ ਨਹੀਂ । 'ਏਕੋ ਹੈ ਭਾਈ ਏਕੋ ਹੈ ॥ ੧ ॥ ੫ ॥' |
| ਓ | : ਉਹ ਕਿੱਥੇ ਹੈ? ਸਰਬ-ਵਿਆਪੀ ਹੈ । |
| ⌒ | : ਕਾਰ, ਊੜੇ ਉੱਪਰ ਖੁੱਲ੍ਹੀ ਲਕੀਰ । |
| ਕਾਰ | : ਹੱਦ, ਲਕੀਰ, ਉਸ ਪਰਮਾਤਮਾ ਦੀ ਹੱਦ ਕੋਈ ਨਹੀਂ, ਬੇਅੰਤ ਹੈ । |
| ਸਤਿਨਾਮੁ | : ਉਸ ਦਾ ਨਾਮ ਸਤਿ, ਅਟੱਲ, ਅਬਿਨਾਸੀ, ਸਦਾ ਥਿਰ ਹੈ । |
| ਕਰਤਾ | : ਸ੍ਰਿਸ਼ਟੀ ਦਾ ਕਰਤਾ ਰਚਨਹਾਰ ਹੈ ਪਰ ਉਸ ਦਾ ਕਰਤਾ ਕੋਈ ਨਹੀਂ । |
| ਪੁਰਖੁ | : ਵਾਹਿਗੁਰੂ ਰਚੀ ਹੋਈ ਰਚਨਾ ਵਿੱਚ ਵਿਆਪਕ ਹੈ, ਪੁਰਖੁ-ਵਾਚਕ ਹੈ ਇਸਤਰੀ ਲਿੰਗ ਨਹੀਂ । |
| ਨਿਰਭਉ | : ਪਰਮਾਤਮਾ ਭਉ ਰਹਿਤ ਹੈ ਜਿਸ ਨੂੰ ਕਿਸੇ ਪ੍ਰਕਾਰ ਦਾ ਕੋਈ ਡਰ ਨਹੀਂ, ਉਸ ਨੂੰ ਜਪਣ ਵਾਲਾ ਵੀ ਨਿਰਭਉ ਹੋ ਸਕਦਾ ਹੈ । |
| ਨਿਰਵੈਰੁ | : ਪ੍ਰਭੂ ਵੈਰ ਤੋਂ ਰਹਿਤ ਹੈ ਉਸ ਦੇ ਅੰਦਰ ਕਿਸੇ ਪ੍ਰਕਾਰ ਦਾ ਵੈਰ-ਭਾਵ ਨਹੀਂ ਹੈ । |
| ਅਕਾਲ ਮੂਰਤਿ | : ਜਿਸ ਦੀ ਮੂਰਤੀ ਕਾਲ ਤੋਂ ਰਹਿਤ ਹੈ, ਸਮੇਂ ਦੇ ਚੱਕਰ ਤੋਂ ਰਹਿਤ ਹੈ, ਸਮੇਂ ਦੇ ਚੱਕਰ ਵਿੱਚ ਨਾ ਬਣੀ ਹੈ, ਨਾ ਵੱਧਦੀ ਹੈ, ਨਾ ਘੱਟਦੀ ਹੈ, ਨਾ ਨਾਸ ਹੁੰਦੀ ਹੈ । |
| ਅਜੂਨੀ | : ਜਨਮ-ਮਰਨ ਤੋਂ ਰਹਿਤ ਹੈ, ਜਿਸ ਨੇ ਜਨਮ ਨਹੀਂ ਲਿਆ । |
| ਸੈਭੰ | : ਸੁਤੇ ਪ੍ਰਕਾਸ਼ ਆਪਣੇ ਆਪ ਹੀ ਉਸ ਦਾ ਪ੍ਰਕਾਸ਼ ਹੋਇਆ ਹੈ, ਹੋਂਦ ਵਿੱਚ ਆਇਆ ਹੈ । |
| ਗੁਰਪ੍ਰਸਾਦਿ | : ਇਸ ਤਰ੍ਹਾਂ ਪ੍ਰਭੂ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ । ਇਥੋਂ ਤੱਕ ਮੂਲ-ਮੰਤਰ ਹੈ, ਗੁਰਮਤਿ ਦਾ ਧੁਰਾ ਹੈ । ਇਸ ਮੂਲ-ਮੰਤਰ ਦੇ ਆਲੇ-ਦੁਆਲੇ ਸਾਰੀ ਗੁਰਮਤਿ ਘੁੰਮਦੀ ਹੈ । |

# ਬਖ਼ਸ਼ਿਸ਼ ਮੂਲ-ਮੰਤਰ ਦੀ

-ਡਾ. ਅਨੋਖ ਸਿੰਘ

ਸ: ਮੇਹਰਬਾਨ ਸਿੰਘ, ਸਿੰਘਾਪੁਰ ਦੀ ਇੱਕ ਨਾਮੀ ਸ਼ਖ਼ਸੀਅਤ ਹੋਈ ਹੈ । 70ਵਿਆਂ ਦੇ ਦਹਾਕੇ ਵਿੱਚ ਦਾਸ ਸਿੰਘਾਪੁਰ ਰਹਿੰਦਾ ਸੀ ਅਤੇ ਉਹਨਾਂ ਮੈਨੂੰ ਇੱਕ ਘਟਨਾ ਸੁਣਾਈ । ਕਹਿੰਦੇ, ਅਸੀਂ ਪਾਕਿਸਤਾਨ ਗੁਰਦੁਆਰਿਆਂ ਦੇ ਦਰਸ਼ਨਾਂ ਨੂੰ ਗਏ । ਜਨਰਲ ਅਯੂਬ ਖਾਂ ਉਹਨੀਂ ਦਿਨੀਂ ਪਾਕਿਸਤਾਨ ਦੇ ਰਾਸ਼ਟਰਪਤੀ ਸਨ । ਉਹਨਾਂ ਸਾਨੂੰ ਆਪਣੇ ਘਰ ਚਾਹ-ਪਾਣੀ ਵਾਸਤੇ ਸੱਦਿਆ । ਜਦੋਂ ਅਸੀਂ ਉਹਨਾਂ ਦੇ ਡਰਾਇੰਗ-ਰੂਮ ਵਿੱਚ ਵੜੇ ਤਾਂ ਮੈਂ ਸਾਹਮਣੀ ਦੀਵਾਰ ਦੇਖ ਕੇ ਹੱਕਾ-ਬੱਕਾ ਰਹਿ ਗਿਆ । ਉਸ ਉੱਪਰ ਪੇਟਿੰਗ ਨਾਲ ਲਿਖਿਆ ਹੋਇਆ ਸੀ " ੧ੴ ਸਤਿਗੁਰ ਪ੍ਰਸਾਦਿ" ਤੇ ਇਸ ਦੇ ਹੇਠਾਂ ਦੋ ਫਰੇਮ ਲਟਕ ਰਹੇ ਸਨ । ਇੱਕ ਫਰੇਮ 'ਤੇ ਪੰਜਾਬੀ ਵਿੱਚ ਅਤੇ ਦੂਸਰੇ ਫਰੇਮ ਵਿੱਚ ਉਰਦੂ 'ਚ ਮੂਲ ਮੰਤਰ ਲਿਖਿਆ ਹੋਇਆ ਸੀ । ਸਾਡੀ ਰਸਮੀ ਗੱਲਬਾਤ ਸ਼ੁਰੂ ਹੋਈ । ਮੈਨੂੰ ਮੂਲ-ਮੰਤਰ ਬਾਰੇ ਜਾਨਣ ਦੀ ਬੜੀ ਕਾਹਲੀ ਸੀ ਅਤੇ ਮੈਂ ਗੱਲਾਂ ਨੂੰ ਵਿਚਾਲੇ ਟੋਕ ਕੇ ਪੁੱਛ ਹੀ ਲਿਆ । "ਜਨਰਲ ਸਾਹਿਬ, ਜੇਕਰ ਆਪ ਇਜਾਜ਼ਤ ਦੇਵੋ ਤਾਂ ਮੈਂ (ਇਸ਼ਾਰਾ ਕਰਕੇ) ਇਸ ਮੂਲ ਮੰਤਰ ਬਾਰੇ ਜਾਨਣਾ ਚਾਹੁੰਦਾ ਹਾਂ ।" ਉਹਨਾਂ ਇੱਕ ਮਿੰਟ ਲਈ ਚੁੱਪੀ ਸਾਧੀ ਤੇ ਫਿਰ ਬੋਲੇ, "ਇਹ ਗੁਰੂ ਨਾਨਕ ਸਾਹਿਬ ਦਾ ਕਲਾਮ ਹੀ ਹੈ, ਜਿਸ ਦੇ ਸਹਾਰੇ ਅੱਜ ਮੈਂ ਰਾਸ਼ਟਰਪਤੀ ਦੀ ਪਦਵੀ ਤੱਕ ਪਹੁੰਚਿਆ ਹਾਂ ।"

ਨਾਲ ਹੀ ਉਹਨਾਂ ਦੱਸਿਆ, "ਮੈਂ ਐਬਟਾਬਾਦ 'ਚ ਪੜ੍ਹਿਆ ਕਰਦਾ ਸੀ । ਸਭ ਤੋਂ ਨਾਲਾਇਕ ਵਿਦਿਆਰਥੀ ਹੋਣ ਕਰਕੇ ਮੈਨੂੰ ਹਰ ਰੋਜ਼ ਕਲਾਸ ਵਿੱਚ ਕੁੱਟ ਪੈਂਦੀ ਸੀ । ਇੱਕ ਦਿਨ ਮੈਂ ਸੋਚਿਆ ਕਿ ਅੱਜ ਸਕੂਲ ਨਹੀਂ ਜਾਂਦੇ, ਰਸਤੇ ਵਿੱਚ ਗੁਰਦੁਆਰਾ ਸਾਹਿਬ ਸੀ, ਮੈਂ ਲੁੱਕਣ ਵਾਸਤੇ ਗੁਰਦੁਆਰਾ ਸਾਹਿਬ 'ਚ ਚਲਿਆ ਗਿਆ । ਗੁਰਦੁਆਰੇ ਦੇ ਬਾਬਾ ਜੀ ਮੈਨੂੰ ਜਾਣਦੇ ਸਨ, ਉਹ ਕਹਿੰਦੇ, "ਜੁਬਿਆ, ਕਿੱਧਰ ਤੁਰਿਆ ਫਿਰਦਾ ਹੈਂ, ਤੇਰਾ ਤਾਂ ਸਕੂਲ ਦਾ ਸਮਾਂ ਹੈ ।" ਮੈਂ ਕਿਹਾ, "ਬਾਬਾ ਜੀ, ਮੈਂ ਸਕੂਲ ਨਹੀਂ ਜਾਣਾ, ਮੈਨੂੰ ਤਾਂ ਰੋਜ਼ ਕੁੱਟ ਪੈਂਦੀ ਹੈ, ਮੈਥੋਂ ਕੁੱਟ ਨਹੀਂ ਖਾਧੀ ਜਾਂਦੀ ।" ਉਹਨਾਂ ਮੈਨੂੰ ਪਿਆਰ ਨਾਲ ਬੁੱਕਲ 'ਚ ਲੈ ਕੇ ਸਮਝਾਇਆ ਤੇ ਕਿਹਾ, "ਤੈਨੂੰ ਅੱਜ ਤੋਂ ਬਾਅਦ ਕੁੱਟ ਨਹੀਂ ਪਏਗੀ, ਤੂੰ ਏਦਾਂ ਕਰੀਂ, ਜਦੋਂ ਸਕੂਲ ਜਾਇਆ ਕਰੇਂ ਮੂਲ-ਮੰਤਰ ਦਾ ਪਾਠ ਕਰਦਾ ਜਾਇਆ ਕਰ ।" ਮੈਂ ਮੂਲ-ਮੰਤਰ ਦਾ ਪਾਠ ਕਰਦਾ ਸਕੂਲ ਚਲਿਆ ਗਿਆ । ਅੱਜ ਪਹਿਲਾ ਦਿਨ ਸੀ ਕਿ ਮੈਨੂੰ ਕੁੱਟ ਨਹੀਂ ਪਈ । ਮੈਂ ਹਰ ਰੋਜ਼ ਮੂਲ-ਮੰਤਰ ਦਾ ਪਾਠ ਸਕੂਲ ਜਾਂਦਿਆਂ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸ ਦਿਨ ਤੋਂ ਬਾਅਦ ਮੈਨੂੰ ਕਦੀ ਵੀ ਸਕੂਲ 'ਚ ਮਾਰ ਨਹੀਂ ਪਈ ।

ਇਮਤਿਹਾਨ ਦੇ ਦਿਨ ਆ ਗਏ, ਮੈਂ ਬਾਬਾ ਜੀ ਪਾਸ ਜਾ ਕੇ ਬੇਨਤੀ ਕੀਤੀ ਕਿ ਬਾਬਾ ਜੀ ਕ੍ਰਿਪਾ ਕਰੋ, ਮੈਂ ਪਾਸ ਹੋ ਜਾਵਾਂ । ਬਾਬਾ ਜੀ ਕਹਿੰਦੇ, “ਜੁਬਿਆ, ਬਾਬੇ ਨਾਨਕ ਦਾ ਕਲਾਮ (ਮੂਲ-ਮੰਤਰ) ਤੈਨੂੰ ਦਿੱਤਾ ਹੈ, ਇਸ ਦਾ ਸਹਾਰਾ ਨਾ ਛੱਡੀਂ । ਜਾਹ, ਜਿਸ ਵੀ ਪਦਵੀ 'ਤੇ ਪਹੁੰਚਣਾ ਚਾਹੇਂ, ਪਹੁੰਚ ਜਾਵੇਂਗਾ ।” ਮੈਂ ਤਾਂ ਬਾਬੇ ਨਾਨਕ ਦੇ ਕਲਾਮ ਦੇ ਸਹਾਰੇ 'ਤੇ ਅੱਜ ਇੱਥੇ ਤੱਕ ਪਹੁੰਚਿਆ ਹਾਂ ।”

ਸੰਨ 2000 ਵਿੱਚ ਮੈਨੂੰ ਪਾਕਿਸਤਾਨ ਜਾਣ ਦਾ ਸਬੱਬ ਮਿਲਿਆ । ਲਾਹੌਰ ਦੇ ਬਾਜ਼ਾਰ ਵਿੱਚ ਮੈਂ ਘੁੰਮ ਰਿਹਾ ਸੀ ਅਤੇ ਅਚਨਚੇਤ ਮੈਨੂੰ ਅਯੂਬ ਖਾਂ ਦੀ ਇਹ ਘਟਨਾ ਯਾਦ ਆਈ । ਮੈਂ ਇੱਕ ਕਿਤਾਬਾਂ ਦੀ ਦੁਕਾਨ 'ਚ ਚਲਿਆ ਗਿਆ ਤੇ ਅਯੂਬ ਖਾਂ ਦੀ ਜੀਵਨੀ ਮੰਗੀ । ਦੁਕਾਨਦਾਰ ਨੇ ਇੱਕ ਕਿਤਾਬ, ਜਿਸ ਦਾ ਨਾਂਅ ਸੀ “ਫਰੈਂਡਸ, ਨਾਟ ਮਾਸਟਰਜ” ਮੇਰੇ ਸਾਹਮਣੇ ਰੱਖੀ । ਮੈਂ ਉਸ ਪੁਸਤਕ ਦੇ ਪੰਨੇ ਫਰੋਲੇ ਤੇ ਸ੍ਰ: ਮੇਹਰਬਾਨ ਸਿੰਘ ਦੀ ਦੱਸੀ ਹੋਈ ਘਟਨਾ ਦੀ ਤਸੱਲੀ ਕੀਤੀ । ਪ੍ਰਿੰਸੀਪਲ ਸਤਿਬੀਰ ਸਿੰਘ ਹੁਰਾਂ ਨੇ ਵੀ ਇੱਕ ਥਾਂ 'ਤੇ ਅਯੂਬ ਖਾਂ ਦੀ ਇਸ ਘਟਨਾ ਦਾ ਵਰਨਣ ਆਪਣੀ ਕਿਤਾਬ ਵਿੱਚ ਕੀਤਾ ਹੈ ।

ਮਿਸਟਰ ਵੀ.ਪੀ. ਮੈਨਨ ਸਾਡੇ ਵਿਦੇਸ਼ ਸਕੱਤਰ ਹੋਏ ਹਨ । ਉਹ ਰੂਸ ਵਿੱਚ ਸਫ਼ੀਰ ਵੀ ਰਹਿ ਚੁੱਕੇ ਹਨ । ਉਹ ਆਪਣੀ ਜੀਵਨੀ ਵਿੱਚ ਲਿਖਦੇ ਹਨ, “ਮੈਂ ਪਹਿਲੀ ਦਫ਼ਾ ਇੰਗਲੈਂਡ ਇਮਤਿਹਾਨ ਦੇਣ ਗਿਆ ਤਾਂ ਮੈਂ ਸਾਊਥਹਾਲ ਦੇ ਗੁਰਦੁਆਰੇ 'ਚ ਰਾਤ ਕੱਟਣ ਚਲਾ ਗਿਆ । ਗੁਰਦੁਆਰੇ ਦੇ ਗ੍ਰੰਥੀ ਜੀ ਨੇ ਮੇਰਾ ਬੜਾ ਸਤਿਕਾਰ ਕੀਤਾ । ਸਵੇਰੇ ਵੇਲੇ ਜਦੋਂ ਮੈਂ ਪੇਪਰ ਦੇਣਾ ਸੀ, ਮੈਂ ਉਸ ਗ੍ਰੰਥੀ ਸਿੰਘ, ਜੋ ਕਿ ਬਜ਼ੁਰਗ ਸਨ, ਨੂੰ ਬੇਨਤੀ ਕੀਤੀ ਕਿ ਮੇਰੇ ਲਈ ਅਰਦਾਸ ਕਰੋ ਕਿ ਮੈਂ ਪਾਸ ਹੋ ਜਾਵਾਂ । ਉਹਨਾਂ ਮੈਨੂੰ ਇੱਕ ਪਰਚੇ 'ਤੇ “ ੴ ਸਤਿਗੁਰ ਪ੍ਰਸਾਦਿ” ਲਿਖਕੇ ਦੇ ਦਿੱਤਾ । ਕਹਿੰਦੇ, “ਗੁਰੂ ਨਾਨਕ ਸਾਹਿਬ ਦਾ ਇਹ ਮੰਤਰ ਹਰ ਵੇਲੇ ਆਪਣੇ ਹਿਰਦੇ 'ਚ ਰੱਖਣਾ, ਜਦੋਂ ਔਕੜ ਆਵੇ ਪੜ੍ਹ ਲੈਣਾ । ਜਾਓ, ਗੁਰੂ ਨਾਨਕ ਸਾਹਿਬ ਤੁਹਾਡੀ ਸਹਾਇਤਾ ਕਰਨਗੇ ।” ਉਹਨਾਂ ਦੀ ਕਹਿਣੀ ਵਿੱਚ ਪਤਾ ਨਹੀਂ ਕੀ ਜਾਦੂ ਸੀ । ਉਹਨਾਂ ਦੀ ਇਹ ਗੱਲ ਮੇਰੇ ਸਰੀਰ ਵਿੱਚ ਇੰਜ ਪ੍ਰਵੇਸ਼ ਕੀਤੀ ਮਾਨੋ ਬਿਜਲੀ ਦਾ ਝਟਕਾ ਲੱਗਿਆ ਹੋਵੇ, ਮੇਰੇ ਲੂੰ-ਕੰਡੇ ਖੜੇ ਹੋ ਗਏ । ਮੈਂ ਪ੍ਰੀਖਿਆ ਹਾਲ ਵਿੱਚ ਪਹੁੰਚਿਆ । ਪੇਪਰ ਵੇਖ ਕੇ ਮੇਰੇ ਪਸੀਨੇ ਛੁੱਟ ਗਏ । ਫਿਰ ਗ੍ਰੰਥੀ ਸਾਹਿਬ ਦੀ ਦੱਸੀ ਹੋਈ ਗੱਲ ਯਾਦ ਆਈ, ਮੈਂ ਜੇਬ ਚੋਂ ਪਰਚੀ ਕੱਢੀ ਅਤੇ ਗੁਰੂ ਨਾਨਕ ਸਾਹਿਬ ਦਾ ਨਾਮ ਲੈ ਕੇ “ੴ ਸਤਿਗੁਰ ਪ੍ਰਸਾਦਿ” ਤੇ ਨਿਗਾਹ ਦੌੜਾਈ ਅਤੇ ਪੇਪਰ ਲਿਖਣ ਬੈਠ ਗਿਆ । ਜਿਹੜਾ ਰਿਜ਼ਲਟ ਆਇਆ, ਉਹ ਬੜਾ ਹੈਰਾਨਕੁੰਨ ਸੀ । ਮੈਂ ਗ੍ਰੰਥੀ ਸਾਹਿਬ ਦਾ ਧੰਨਵਾਦ ਕਰਨ ਗਿਆ ਅਤੇ ਪੁੱਛਿਆ, “ਬਾਬਾ ਜੀ, ਇਸ ਮੰਤਰ ਵਿੱਚ ਅਜਿਹੀ ਕੀ ਕਰਾਮਾਤ

ਹੈ?'' ਬਾਬਾ ਜੀ ਕਹਿਣ ਲੱਗੇ, ''ਜ਼ਿੰਦਗੀ ਮੇਂ ਇਸ ਮੰਤਰ ਕਾ ਸਹਾਰਾ ਨਾ ਛੋੜਨਾ, ਤੁਮਹੇਂ ਕਹੀਂ ਭੀ ਨਿਰਾਸ਼ਤਾ ਕਾ ਮੂੰਹ ਨਹੀਂ ਦੇਖਨਾ ਪੜੇਗਾ ।'' ਮੈਂ ਅੱਜ ਤਕ ਕੋਈ ਵੀ ਕੰਮ ਸ਼ੁਰੂ ਕਰਨਾ ਹੋਵੇ ਤਾਂ ''ੴ ਸਤਿਗੁਰ ਪ੍ਰਸਾਦਿ'' ਤੋਂ ਹੀ ਕਰਦਾ ਹਾਂ ।''

ਦਸੰਬਰ 'ਚ ਇੱਕ ਪ੍ਰੋਗਰਾਮ 'ਤੇ ਮੈਂ ਆਪਣੇ ਲੈਕਚਰ ਵਿੱਚ ਇਹਨਾ ਘਟਨਾਵਾਂ ਦਾ ਵਰਨਣ ਕੀਤਾ । ਬਾਅਦ ਵਿੱਚ ਇੱਕ ਬੀਬੀ ਕਹਿਣ ਲੱਗੀ, ''ਡਾਕਟਰ ਸਾਹਿਬ, ਕੀ ਇਹ ਚਮਤਕਾਰ ਹੁਣ ਵੀ ਵਰਤ ਸਕਦਾ ਹੈ?'' ਮੈਂ ਕਿਹਾ, ''ਕਿਉਂ ਨਹੀਂ, ਜੇ ਸਾਨੂੰ ਗੁਰੂ ਨਾਨਕ ਸਾਹਿਬ 'ਤੇ ਪੂਰਨ ਭਰੋਸਾ ਹੋਵੇ ।'' ਉਹ ਕਹਿੰਦੀ, ਮੈਂ ਕੈਨੇਡਾ ਜਾਣ ਵਾਸਤੇ ਫਾਰਮ ਭਰਿਆ ਸੀ । ਅੰਬੈਸੀ ਨੇ ਸ਼ਰਤ ਲਾ ਦਿੱਤੀ ਕਿ 31 ਜਨਵਰੀ ਤਕ ਆਈਲੈਟਸ (IELTS) ਦਾ ਪੇਪਰ ਪਾਸ ਕਰੋ । ਮੈਂ ਪੰਜਾਬੀ ਮੀਡੀਅਮ 'ਚ ਬੀ.ਏ. ਕੀਤੀ ਸੀ । ਕੋਚਿੰਗ ਸੈਂਟਰ 'ਚ ਗਈ ਤਾਂ ਉਹਨਾਂ ਮੇਰਾ ਟੈਸਟ ਲਿਆ ਤੇ ਕਿਹਾ ਕਿ ਮੈਨੂੰ ਘੱਟੋ-ਘੱਟ ਦੋ ਸਾਲ ਦੀ ਕੋਚਿੰਗ ਲੈਣ ਪਿੱਛੋਂ ਪੇਪਰ ਦੇਣਾ ਚਾਹੀਦਾ ਹੈ, ਹੁਣ ਦੱਸੋ ਮੈਂ ਕੀ ਕਰਾਂ?'' ਮੈਂ ਕਿਹਾ, ''ਤੁਸੀਂ ਕੋਚਿੰਗ ਜ਼ਰੂਰ ਲਵੋ ਤੇ ਪੇਪਰ ਦਿਓ, ਜਦੋਂ ਵੀ ਸਮਾਂ ਮਿਲੇ ਮੂਲ-ਮੰਤਰ ਦਾ ਜਾਪ ਕਰੀ ਜਾਇਆ ਕਰੋ ਤੇ ਹਰ ਰੋਜ਼ ਅਰਦਾਸ ਕਰੋ, ਗੁਰੂ ਭਲੀ ਕਰੇਗਾ ।'' ਉਸ ਬੀਬੀ ਨੇ 24 ਜਨਵਰੀ ਨੂੰ ਦਿੱਲੀ ਵਿੱਚ ਪੇਪਰ ਦਿੱਤਾ ਤੇ 10 ਫ਼ਰਵਰੀ ਨੂੰ ਉਸ ਦਾ ਰਿਜ਼ਲਟ ਆਇਆ । ਉਸ ਨੇ ਪੰਜ ਬੈਂਡ ਲੈਣੇ ਸਨ, ਪਰ ਉਸ ਦੇ ਸਤ ਬੈਂਡ ਆਏ । ਉਹ ਖ਼ੁਦ ਅਤੇ ਕੋਚਿੰਗ ਸੈਂਟਰ ਵਾਲੇ ਹੱਕੇ-ਬੱਕੇ ਰਹਿ ਗਏ । ਉਹ ਬੀਬੀ ਮੇਰੇ ਕੋਲ ਧੰਨਵਾਦ ਕਰਨ ਆਈ । ਨਾਲ ਖ਼ੁਸ਼ੀ ਵਿੱਚ ਰੋਈ ਜਾਵੇ ਤੇ ਕਹਿੰਦੀ ਕਿ ਅਰਦਾਸ ਵਿੱਚ, ਗੁਰਬਾਣੀ ਵਿੱਚ ਐਨੀ ਬਰਕਤ ਹੈ ਕਿ ਸਾਨੂੰ ਤਾਂ ਪਤਾ ਹੀ ਨਹੀਂ ਸੀ, ਨਾ ਅੱਜ ਤੱਕ ਅਸਾਨੂੰ ਇਹੋ ਜਿਹੀਆਂ ਗੱਲਾਂ ਕਿਸੇ ਦੱਸੀਆਂ ।

ਆਪ ਜੀ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਥੇ ਦੱਸੇ ਗਏ ਸੱਚ ਨੂੰ ਆਪਣੀ ਜ਼ਿੰਦਗੀ ਵਿੱਚ, ਸੱਚੇ ਦਿਲੋਂ ਅਪਨਾ ਕੇ, ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲ ਕੇ, ਆਪਣਾ ਜੀਵਨ ਸਫਲਾ ਕਰੋ । ਆਪ ਜੀ ਨਿੱਤਨੇਮ ਤੋਂ ਇਲਾਵਾ ਆਪਣੇ ਖਾਲੀ ਸਮੇਂ ਵਿੱਚ ਮੂਲ-ਮੰਤਰ ਦਾ ਪਾਠ ਕਰਕੇ ਸਾਰੀ ਖ਼ੁਸ਼ੀਆਂ ਪ੍ਰਾਪਤ ਕਰ ਸਕਦੇ ਹੋ । ਇਹ ਪਾਠ ਆਪ ਜੀ ਕਿਸੇ ਚਮਤਕਾਰ ਜਾਂ ਕਰਾਮਾਤ ਸਮਝ ਕੇ ਨਹੀਂ, ਬਲਕਿ ਗੁਰੂ ਦੀ ਬਖ਼ਸ਼ਿਸ਼ ਸਮਝਕੇ ਕਰੋ ਅਤੇ ਗੁਰੂ ਦੇ ਪ੍ਰਸਾਦਿ ਭਾਵ ਕਿਰਪਾ ਦੇ ਪਾਤਰ ਬਣੋ । ਨਾਲ ਹੀ ਆਪ ਜੀ ਹੋਰਨਾਂ ਨੂੰ ਵੀ ਇਸ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿਉ ।

## सहनशीलता मार्ग

–सागर कोट कपूरा

नुरपुर टिवाणें नवाबों की रियासत थी। टिवाणें ही वहां के मालिक, शासक, नयायक आदि सब कुछ थे। उनका हुकम ही कानून था। जिसको चाहे बन्दी बना लें, सज़ा दे दें, कैद करदें फांसी लगा दें या अंग भंग करदें। उन्हें कोई पूछने वाला नहीं था। इस कारण टिवाणें सत्ता के मद में मदहोश थे। इसलाम के प्रचारकों ने उनके मन में दृढ करवा दिया था कि इसलाम ही सब से श्रेष्ठ और उत्तम मज़हब है, बाकी मत छोटे और बेकार हैं। इन नवाबों का हर कर्मचारी अपने आप को हाकिम और बड़ा समझता था। इसी अंहकार के कारण उनका व्यावहार दूसरों के प्रति बहुत बेरूखी वाला और हैंकड़ भरपूर रहता था।

नूरपुर के सेवापंथी टिकाणें का एक सेवादार साधु बेकार कांटेदार झाड़ियों के कुछ छापे (टहनिया) काट कर ईधन के लियें ला रहा था। सेवादार साधु सेवा भावना में मस्त, नाम सिमरण में लीन अपने मार्ग पर चला जा रहा था। उसे ध्यान ही नहीं आया कि कोई सिपाही घोड़े पर सवार उसी रास्ते सामने से आ रहा हैं। घमंडी सिपाही ने इसे आपना अपमान समझा कि एक गरीब सा आदमी इतना गुस्ताख कि न इसने मुझे रास्ता दिया और ना ही दुआ सलाम ही की जबकि बड़े बड़े लोग हमें झुक कर आदाब करतें हैं। (सिपाही क्या जाने कि सेवा सिमरण व समदृष्टि बाले साधु फकीर तो परमात्मा के पुत्र होंते है। उनके लिये अमीर गरीब, छोटे बड़े, सरकारी और गैरसरकारी, हिन्दु मुसलमान सभी इनसान एक समान होते हैं। किसी व्यक्ति को विशेष आदर सत्कार देना उनका स्वभाव नहीं होता।) करोध में पागिल हुए सिपाही ने साधु को पकड़ लिया और मारना शुरु कर दिया। काफी समय वह पीटता रहा और साधु कराहता रहा। साधु ने कोई विरोध नहीं किया, बस इतना ही पूछा कि खुदा के बन्दे मुझे क्यों पीटे जा रहे हो मैने तों कुछ भी गल्त नहीं किया है। आखिर मेरा कसूर क्या है ? सिपाही ने तो उसे पीट पीट कर अधमुआ कर दिया। सिपाही ने गन्दे शब्द बोले और गाली गलोच करता रहा। साधु गिर पड़ा और सिपाही गन्दी गालियां देता चला गया।

कुछ समय बाद साधु उठा, अपने आप को सम्भाला और लकड़ियां लेकर टिकाणों की ओर चल दिया। साधु के शरीर पर लगे चोटों के निशान निर्दयी सिपाही द्वारा किये गये अत्याचार की गवाही दे रहे थे। साधु टिकाणा पर पहुंचा तो उसे ऐसी दशा में देख कर सभी साधुओं के दिल दहल गये। टिकाणा में हाहाकार मच गई । यह दुखदाई खबर जंगल की आग की तरह चारों और फैल गई और सारे नगर में सोग छा गया। इस तरह की मार तो चोरों, डाकुओं और हत्यारों को भी नहीं मारी जाती। एक निर्दोष साधु को बिना कसूर पीट-पीट कर अध मुआ कर दिया गया। नगर के हर मोड, हर चौंक गली मुहल्ले और हर घर में बस यही चर्चा है कि इस नगर पर कोई मुसीबत आने वाली है। यह नगर उजड़ जाएगा। गर्क हो जाएगा जहां इतना भारी जुल्म हो रहा है। 'सरबत दा भला' चाहने वाले साधु जो हर समय सेवा, सिमरण में मगन, मुंज बाण रस्सी आदि की कृत में लगे रहते हैं। सभी को प्यार देना, सबसे अपनापन जताना और हर एक के दुख सुख में सांझीदारी इनका मिशन है।

इधर टिकाणा के साधुओं में हलचल मच गई। सभी लोग उस

पीड़ित साधु से पूछ रहे थे कि यह सब कुछ कैसे और क्यों हो गया। साधु कह रहा था कि मुझे तो स्वयं मालूम नहीं कि मुझे क्यों मारा गया। ऐसा कोई भी कारण नहीं था कि मुझे पीटा जाता। सारे साधु भाई हजारी जी के पास गये और बोले कि महाराज! अब हमारे लिये इस नगर में रहना मुश्किल है। सहनशीलता की भी कोई हद होती है। बिना कसूर और बिना कारण एक साधु को पीट पीट कर अधमुआ कर दिया गया है। हम लोग लावारिस तो नहीं हैं। अब हम यहां नहीं रहेंगे। भाई हजारी जी इन साधुओं को लेकर बाबा जगता जी के पास गये और सारी व्यथा कह सुनाई। भाई जी ने दुखी मन से बाबा जगता जी से कहा कि यह साधु यहां नहीं रहना चाहते, नगर छोड़ कर जा रहे हैं। आप से परस्थान करने की आज्ञा लेने आये है।

बाबा जी कुछ देर मौन रहने के बाद बोले कि जहां साधु जायेंगे मैं भी इनके साथ ही जाऊंगा। मेरा जीना मरना रहना सहना अपने संगी साधुओं के संग है। बाबा जी ने स्नान करने वाले वस्त्र लिये और कहा-'चलो मैं तैयार हूँ। बाबा जी के इतना कहने पर सभी साधुओं ने भी अपने वस्त्र और हस्त लिखित बाणी उठाई और जाने को तैयार हो गये। टिकाणा में बन्धे पशु, लंगर में तैयार भोजन, अनाज के भरे कोठे, लकड़ी के बड़े बड़े ढेर और सारा सामान छोड़ कर त्यागी साधु मुसाफिरों की तरह यूं चल दिये जैसे इनका यहां कुछ भी न था। साधुओं के चले जाने पर नगर के व्यापारी दुकानदार व शरीफ लोगों ने भी अपना सामान बांध लिया। कुछ चल दिये और कुछ नगर छोड़ कर चले जाने की तैयारी करने लगे। सब की जबान पर बस यही शिकायत थी कि जहां साधु महात्माओं का इतना अनादर हो वहां रह कर भी क्या करना है। जहा प्रभु के प्यारे साधु जायेंगे हम भी वहीं जायेंगे।

नगर को खाली होते देख कर नवाबों का एक कारिंदा टिवाणा नवाब के पास पहुंचा और पुकार की कि सरकार जी नगर उजड़ गया है, साधु भरा पूरा टिकाणा छोड़ कर चले गये हैं, कुछ लोग भी चले गये है और बाकी नगर छोड़कर जाने की तैयारी में हैं इस करिंदे ने सारी कहानी कह सुनाई और कहा कि नवाब साहिब कुछ करो। गया वक्त हाथ नहीं आयेगा। उठो शहर की रौनक और किस्मत को वापस ले आओ नहीं तो पश्चाताप ही रह जायेगा। उजड़े नगर दोबारा बसाने में सदियां लग जाती हैं।

नवाब यह सुनकर घबरा कर उठा, साफा ही सह पर बांधा और तौबा-तौबा करता हुआ अलाणी (बिना काठी) घोड़ी पर सवार हुआ और जिस ओर साधु गये थे उस ओर घोड़ी सरपट दौड़ाई। साधु संत अभी चार पांच मील दूर ही जा पाये थे कि नवाब भी वहां पहुंच गया। घोड़ी से छलांग लगा कर नवाब ने बाबा लगता जी के चरण पकड़ लिये। जारो जार रोने लगा कि आसुओं की झड़ी लगा दी। रो रो कर बेहाल हुआ नवाब बार बार कहे जा रहा था मुझे क्षमा कर दो महाराज मेरी उजड़ी नगरी बसा दो। अपने हाथों लगाया बगीचा वैरान न करो। आपकी कृपा द्वारा लोग पापी से धर्मी हो रहें हैं। आप परोपकारी हो मुझ गरीब, बेसहारा पर भी परोपकार करो। वापस चल कर उजड़े नगर को आबाद करो। एक आदमी के अपराध की सजा सारे नगर को न दो। क्षमा करो महाराज!क्षमा करो। हम पापियों पर दया करो। कृपा करके वापस चलो।

(क्रमश)

# ਮਹੰਤ ਤੀਰਥ ਸਿੰਘ ਜੀ ਦਾ 82ਵਾਂ ਜਨਮ-ਦਿਨ ਧੂਮਧਾਮ ਨਾਲ ਮਨਾਇਆ

ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੇ ਪ੍ਰਧਾਨ ਤੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਦੀ ਨਾਦੀ ਬੰਸਾਵਲੀ ਦੇ 12ਵੇਂ ਕੁਲਭੂਸ਼ਨ ਸ਼੍ਰੀਮਾਨ 108 ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਦਾ 82ਵਾਂ ਜਨਮ-ਦਿਨ 12 ਫ਼ਰਵਰੀ ਦਿਨ ਸੋਮਵਾਰ ਨੂੰ ਟਿਕਾਣਾ ਸਾਹਿਬ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 10 ਫ਼ਰਵਰੀ ਨੂੰ ਰੱਖੇ ਗਏ 17 ਸ੍ਰੀ ਅਖੰਡ-ਪਾਠਾਂ ਦੇ ਭੋਗ 12 ਫ਼ਰਵਰੀ ਨੂੰ ਸਵੇਰੇ 9 ਵਜੇ ਦਰਬਾਰ ਹਾਲ ਵਿਖੇ ਪਾਏ ਗਏ। ਸੰਤ ਭਾਈ ਹਰਪਾਲ ਸਿੰਘ ਜੀ 'ਸੇਵਾ ਪੰਥੀ', ਭਾਈ ਕਰਤਾਰ ਸਿੰਘ ਜੀ ਤੇ ਭਾਈ ਆਸਾ ਸਿੰਘ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਜਗਤਾ ਜੀ ਹਾਈ ਸਕੂਲ ਤੇ ਭਾਈ ਆਸਾ ਸਿੰਘ ਗਰਲਜ਼ ਕਾਲਜ ਦੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਇਸ ਮੌਕੇ 82 ਕਿੱਲੋ ਲੱਡੂ ਵੰਡੇ ਗਏ।

ਇਸ ਮੌਕੇ 'ਤੇ ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:) ਗੋਨਿਆਣਾ ਮੰਡੀ ਵੱਲੋਂ ਭਾਈ ਘਨੱਈਆ ਸੇਵਾ ਮਿਸ਼ਨ ਲੰਡਨ (U.K.) ਦੇ ਸਹਿਯੋਗ ਨਾਲ ਭਾਈ ਘਨੱਈਆ ਚੈਰੀਟੇਬਲ ਹਸਪਤਾਲ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਅੱਖਾਂ ਦਾ ਮੁਫ਼ਤ ਫੈਕੋ ਲੈਨਜ਼ ਅਪਰੇਸ਼ਨ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਨੇ ਆਪਣੇ ਕਰ-ਕਮਲਾਂ ਦੁਆਰਾ ਕੀਤਾ। ਡਾ: ਭੀਮ ਬਹਾਦੁਰ ਰਾਏ ਡੀ.ਓ. (ਗੋਲਡ ਮੈਡਲਿਸਟ) ਡੀ.ਐਨ.ਬੀ. ਐਮ.ਐਮ.ਏ., ਐਮ.ਐਸ., ਡਾ: ਕਿਰਨ ਕੱਕੜ ਮਾਤਾ ਅਮਰ ਕੌਰ ਵਿਵੇਕ ਅੱਖਾਂ ਦਾ ਹਸਪਤਾਲ ਚੈਨਾ ਰੋਡ, ਜੈਤੋ ਨੇ 350 ਮਰੀਜ਼ਾਂ ਦਾ ਚੈਕ-ਅਪ ਕੀਤਾ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। 70 ਗਰੀਬ ਲੋਕਾਂ ਦੇ ਮੁਫ਼ਤ ਅਪਰੇਸ਼ਨ ਕੀਤੇ ਗਏ ਅਤੇ ਮੁਫ਼ਤ ਕਾਲੀਆਂ ਐਨਕਾਂ ਦਿੱਤੀਆਂ ਗਈਆਂ। ਮਰੀਜ਼ਾਂ ਦੀ ਦੇਖ-ਭਾਲ ਸ: ਬਲਬੀਰ ਸਿੰਘ ਤੇ ਭਾਈ ਉਪਕਾਰ ਸਿੰਘ ਜੀ ਦੀ ਰਹਿਨੁਮਾਈ ਹੇਠ ਭਾਈ ਆਸਾ ਸਿੰਘ ਸੇਵਾ ਸੁਸਾਇਟੀ ਤੇ ਭਾਈ ਜਗਤਾ ਜੀ ਸੇਵਾ ਸੁਸਇਟੀ ਵੱਲੋਂ ਕੀਤੀ ਗਈ।

ਇਸ ਸ਼ੁੱਭ ਅਵਸਰ 'ਤੇ ਰਾਤ ਨੂੰ ਮਹੰਤ ਭਾਈ ਗੁਲਾਬ ਸਿੰਘ ਦੀਵਾਨ ਹਾਲ ਵਿੱਚ ਸੰਤ ਕਾਹਨ ਸਿੰਘ, ਸੰਤ ਹਰਪਾਲ ਸਿੰਘ, ਸੰਤ ਰਣਜੀਤ ਸਿੰਘ ਤੇ ਸੰਤ ਜਗਜੀਤ ਸਿੰਘ ਜੀ 'ਭਾਈਆ' 'ਸੇਵਾ ਪੰਥੀ' ਵੱਲੋਂ ਮਨੋਹਰ ਕੀਰਤਨ-ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਮਨਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਤੇ ਭਾਈ ਸਰਬਜੀਤ ਸਿੰਘ ਜੀ 'ਲਾਡੀ' ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਬਠਿੰਡਾ, ਜੈਤੋ, ਕੋਟਕਪੂਰਾ, ਮਲੋਟ, ਫ਼ਰੀਦਕੋਟ ਤੇ ਹੋਰ ਦੂਰ-ਨੇੜੇ ਤੋਂ ਵੱਡੀ ਤਾਦਾਦ ਵਿੱਚ ਸੰਗਤਾਂ ਪੁੱਜੀਆਂ। ਗੁਰੂ ਕਾ ਲੰਗਰ ਦੇ ਨਾਲ-ਨਾਲ ਚਾਹ ਦਾ ਲੰਗਰ ਤੇ ਜਲੇਬੀਆਂ ਦਾ ਅਤੁੱਟ ਲੰਗਰ ਸੰਤ ਰਣਜੀਤ ਸਿੰਘ ਜੀ, ਭਾਈ ਜਸਕਰਨ ਸਿੰਘ ਤੇ ਭਾਈ ਉਪਕਾਰ ਸਿੰਘ ਵੱਲੋਂ ਵਰਤਾਇਆ ਗਿਆ। ਇਸ ਮੌਕੇ 'ਤੇ ਪੁੱਜੀਆਂ ਸੰਗਤਾਂ ਨੇ ਤੇ ਦੇਸ਼ਾਂ ਵਿਦੇਸ਼ਾਂ ਵਿੱਚੋਂ ਸ਼ਰਧਾਲੂ ਸੰਗਤਾਂ ਨੇ ਮਹੰਤ ਤੀਰਥ ਸਿੰਘ ਜੀ ਨੂੰ ਫ਼ੋਨ ਤੇ ਜਨਮ-ਦਿਨ ਦੀ ਲੱਖ-ਲੱਖ ਵਧਾਈ ਦਿੱਤੀ। ਮਹੰਤ ਤੀਰਥ ਸਿੰਘ ਜੀ ਦਾ ਜਨਮ-ਦਿਨ ਧੂਮਧਾਮ ਨਾਲ ਮਨਾਉਣ ਦਾ ਵਿਸ਼ੇਸ਼ ਉਦਮ ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਵੱਲੋਂ ਕੀਤਾ ਗਿਆ।

ਕਰਨੈਲ ਸਿੰਘ ਐਮ.ਏ.

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਸਰਪ੍ਰਸਤ : ਮਹੰਤ ਤੀਰਥ ਸਿੰਘ 'ਸੇਵਾ ਪੰਥੀ'

ਸਹਾਇਕ : ਬੀਬੀ ਸਿਲਵੰਤ ਕੌਰ

ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ), Fax. : 2262657

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਭਸੀਨ, B.A.Eng.2yrs, F.I.D.M.Los AngelesU.S.A., 27ਸਾਲ ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1302)
2. ਅਰੋੜਾ ਸਿੱਖ ਸਿਆਲ, M.Sc.M.ED., M.A. Eng., 35 ਸਾਲ, 5' 7" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1303)
3. ਅਰੋੜਾ ਸਿੱਖ ਸਿਆਲ, M.Sc.B.Ed., M.A,Eng., 35 ਸਾਲ, 5' 7" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1304)
4. ਅਰੋੜਾ ਸਿੱਖ ਘੁਲਿਆਣੀ, B.A. with Computer,Eng.Speaking Course,Doing Dip.Office Management, 25ਸਾਲ, 5'5" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1305)
5. ਅਰੋੜਾ ਸਿੱਖ ਘੁਲਿਆਣੀ, B,Com.,M.B.A. in Finance,Job in F.S.C.ICICI Predential, 25 ਸਾਲ, 5'6" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1306)

## ਕੰਨਿਆ ਦੀ ਲੋੜ

1. ਅਰੋੜਾ ਖੱਤਰੀ ਬਵੇਜਾ, Matric., 31 ਸਾਲ, 5'7" Widower ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3211)
2. ਜੱਟ ਸਿੱਖ ਧਾਰੀਵਾਲ ਅੰਮ੍ਰਿਤਧਾਰੀ, +2, 31 ਸਾਲ, 5' 7" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3212)
3. ਖੱਤਰੀ ਸਿੱਖ ਗੁਰਤੱਤਾ, +2 ,28 ਸਾਲ, 5'4" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3213)
4. ਅਰੋੜਾ ਹਿੰਦੂ ਚਿਟਕਾਰੇ, +2, 30 ਸਾਲ, 5'5" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Old Box No. 3214)

ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਮਾਰਚ 2007 ਨੂੰ ਜਾਰੀ ਕੀਤਾ।

Bhai Kanhaiya Sewa Joti (Monthly) R.N.I. Regd. No. 046716/84
Postal Regd. No. PB/BTI-1002/2006-2008, Dt. 3-12-2005

Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005




ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਅਤੇ ਹਸਪਤਾਲ ਦੇ ਸੰਚਾਲਕ ਬਾਬਾ ਕਰਨੈਲ ਦਾਸ ਜੀ ਜਲਾਲ ਵਾਲੇ ਅਤੇ ਹੋਰ ਬਹੁਤ ਸਾਰੇ ਪਤਵੰਤਿਆਂ ਸਹਿਤ ਕੈਂਪ ਦਾ ਉਦਘਾਟਨ ਕਰਦੇ ਹੋਏ ।



ਸ੍ਰ: ਸਰੂਪ ਸਿੰਘ ਲੰਡਨ ਵਾਸੀ ਕੈਂਪ ਵਿੱਚ ਦੋਵਾਂ ਮਹਾਂਪੁਰਖਾਂ ਨੂੰ ਗੁਲਦਸਤੇ ਭੇਟ ਕਰਕੇ ਸਵਾਗਤ ਕਰਦੇ ਹੋਏ ।



ਮਾਤਾ ਅਮਰ ਕੌਰ ਵਿਵੇਕ ਅੱਖਾਂ ਦੇ ਹਸਪਤਾਲ ਜੈਤੋ ਵਿਖੇ ਡਾ. ਭੀਮ ਬਹਾਦਰ ਰਾਏ ਡੀ. ਓ. (ਗੋਲਡ ਮੈਡਲਿਸਟ) ਅਤੇ ਡਾ. ਕਿਰਨ ਕੱਕੜ ਨੇ ਲੱਗਭੱਗ 60 ਅੱਖਾਂ ਦੇ ਮਰੀਜ਼ਾਂ ਦੇ ਮੁਫ਼ਤ ਫੈਕੋ ਲੈਨਜ਼ ਆਪ੍ਰੇਸ਼ਨ ਕੀਤੇ । ਹੋਰ ਆਪ੍ਰੇਸ਼ਨ ਜਾਰੀ ਹਨ ।